# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ ■ ਜਨਵਰੀ 1998

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 1 ਸਾਲ ਦਸਵਾਂ ਜਨਵਰੀ 1998

ਮਿਤ੍ਰ ਅਸਾਡੜੇ ਸੇਈ 2
ਕਰਉ ਬੇਨੰਤੀਆ 3
ਕੀਰਤਨ ਪਰੰਪਰਾ 5
- ਪ੍ਰੋ. ਕਰਤਾਰ ਸਿੰਘ 6
ਗੀਤ - ਸੰਤ ਸਿੰਘ ਆਜਿਜ਼ 7
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਗੀਤ ਪ੍ਰੇਮ
- ਡਾ: ਹਰਨੇਕ ਸਿੰਘ ਕਲੇਰ 8
KIRTAN: SIKH DEVOTIONAL MUSIC
- Ajit Singh Paintal 10
ਇਕ ਆਸਟ੍ਰੇਲੀਅਨ ਨਾਲ ਇੱਕ ਦਿਨ
- ਡਾ. ਜਾਗੀਰ ਸਿੰਘ 15
ਬਾਲ ਰਾਗੀ ਸਤਵਿੰਦਰ ਸਿੰਘ - ਪ੍ਰੋ ਐਮ ਐਸ ਸਚਦੇਵਾ 17
ਭਗਤ-ਬਾਣੀ ਕੀਰਤਨ 18
- ਤ੍ਰਿਲੋਚਨ ਸਿੰਘ ਤਰਸੀ (ਡਾ.)
ਤਬਲਾ ਸਿੱਖਿਆ 20
ਪ੍ਰਸ਼ਨਾਵਲੀ 21
ਸੰਗੀਤ ਲਿਪੀ ਚਿੰਨ੍ਹ 22
ਗੁਰਸਿੱਖ ਬੀਬੀ ਦਾ ਸਰੂਪ ਅਤੇ ਚਰਿੱਤਰ
ਡਾ ਮਿਸ ਮਨਵਿੰਦਰ ਕੌਰ 23
ਸੁਰ ਲਿਪੀ - ਰਾਗੁ ਸੋਰਠਿ - ਪ੍ਰੋ ਤਾਰਾ ਸਿੰਘ 25
ਸੁਰ ਲਿਪੀ - ਰਾਗੁ ਰਾਮਕਲੀ - ਹਰਿਭਜਨ ਸਿੰਘ 26
ਕੀਰਤਨ ਕਲਾਸਾਂ 27
ਜੰਤਰੀ 28

**ਕਾਰਜਕਾਰੀ ਸੰਪਾਦਕ**
ਡਾ. ਤ੍ਰਿਲੋਚਨ ਸਿੰਘ ਤਰਸੀ

**ਸਹਿਯੋਗੀ**
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696

**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452

| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿੱਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1250 ਰੁ. |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

*-ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਡੀ.ਬੀ. ਪ੍ਰਿੰਟਰਜ਼ S.C.O. 60, ਫੇਸ 3-ਬੀ-2, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।*

# ਇੱਕ ਸੁਨਹਿਰੀ ਗੁਰ

ਨਵਾ ਸਾਲ ਸ਼ੁਰੂ ਹੋ ਗਿਆ ਹੈ। ਉਜ ਤਾਂ ਤੁਸੀ ਕਦੀਚਾਹੋ ਆਪਣਾ ਸਾਲ ਆਰੰਭ ਕਰ ਸਕਦੇ ਹੋ, ਜਿਵੇ ਕਿ:- ਪਹਿਲੀ ਜਨਵਰੀ ਤੋ ਜਾਂ ਆਪਣੇ ਜਨਮ ਦਿਨ ਤੋ। ਪਰੰਤੂ ਜੇਕਰ ਸਾਰੀ ਦੁਨੀਆ ਹੀ ਨਵਾਂ ਸਾਲ ਪਹਿਲੀ ਜਨਵਰੀ ਤੋ ਸ਼ੁਰੂ ਕਰਦੀ ਹੈ, ਤਾਂ ਅਸੀ ਵੀ ਕਿਉ ਨਾ ਪਹਿਲੀ ਜਨਵਰੀ ਤੋ ਹੀ ਨਵਾਂ ਸਾਲ ਸ਼ੁਰੂ ਕਰੀਏ।

ਅੱਜ-ਕਲ ਸਰਦੀਆ ਦਾ ਮੋਸਮ ਹੈ। ਕੁਦਰਤ ਚਾਰੇ ਪਾਸੇ ਠੰਢ ਵਰਤਾ ਰਹੀ ਹੈ, ਪਰ ਮਨੁੱਖ ਵੀ ਆਪਣੇ ਆਪ ਨੂੰ ਸਰਦੀ ਤੋ ਬਚਾਉਣ ਲਈ ਬਹੁਤ ਸਾਰੇ ਗੈਰ ਕੁਦਰਤੀ ਸਾਧਨ ਵਰਤੀ ਜਾਂਦਾ ਹੈ। ਆਪਣੇ ਸਰੀਰ ਨੂੰ ਸਰਦੀ ਦੇ ਅਨੁਕੂਲ ਨਹੀ ਬਣਾਉਣਾ ਚਾਹੁੰਦਾ। ਪ੍ਰਮਾਤਮਾ ਨੇ ਇਸ ਨੂੰ ਦਿਮਾਗ ਦਿੱਤਾ ਹੈ। ਮਨ ਚਾਹੁੰਦਾ ਤਾਂ ਬਹੁਤ ਕੁਝ ਹੈ, ਪਰ ਇਹ ਆਪਣੀ ਚਾਹਤ ਬਦਲੇ ਕੁਝ ਛੱਡਣ ਲਈ ਤਿਆਰ ਨਹੀ ਹੁੰਦਾ। ਜਿਵੇ ਕਿ ਕਿਸੇ ਕੋਲ ਐਸ਼ੋ-ਇਸ਼ਰਤ ਦਾ ਸਮਾਨ ਵੇਖ,ਇਹ ਵੀ ਉਸ ਦੀ ਇਛਾ ਕਰਦਾ ਹੈ ਪਰ ਉਸ ਸਮਾਨ ਨੂੰ ਪ੍ਰਾਪਤ ਕਰਨ ਲਈ ਧਨ ਦੀ ਲੋੜ ਹੈ ਤੇ ਧਨ ਲਈ ਮਿਹਨਤ ਕਰਨੀ ਪੈਦੀ ਹੈ।

ਇਹ ਮਿਹਨਤ ਕਰਨਾ ਹੀ ਨਹੀ ਚਾਹੁੰਦਾ ਥੋੜ੍ਹੀ ਮਿਹਨਤ ਕਰਕੇ ਪ੍ਰਾਪਤੀ ਵਧੇਰੇ ਕਰਨਾ ਚਾਹੁੰਦਾ ਹੈ।

ਜਿਵੇਂ ਕਿਸੇ ਵੱਡੇ ਕੀਰਤਨੀਏ ਦਾ ਕੀਰਤਨ ਸੁਣਿਆ, ਉਸ ਦੀ ਸ਼ੋਭਾ ਵੇਖੀ ਤੇ ਆਪ ਵੀ ਉਹੋ ਜਿਹਾ ਬਣਨ ਦੀ ਇੱਛਾ ਪੈਦਾ ਹੋ ਗਈ ਪਰ ਇਹ ਨਾ ਵਿਚਾਰਿਆ ਕੇ ਉਸ ਨੇ ਕਿੰਨੀ ਕਠਿਨ ਘਾਲਣਾ ਘਾਲੀ ਹੈ। ਭਾਵੇ ਪ੍ਰਮਾਤਮਾ ਦੀ ਕਿਰਪਾ ਵੀ ਬੜੀ ਜਰੂਰੀ ਹੈ, ਪਰ ਉਸ ਦੀ ਕਿਰਪਾ ਦਾ ਪਾਤਰ ਬਣਨ ਲਈ ਵੀ ਆਪਣੇ ਆਪ ਨੂੰ ਤਿਆਰ ਕਰਨਾ ਪੈਦਾ ਹੈ।

ਸਰਦੀਆਂ ਦਾ ਇਹ ਮੋਸਮ ਉਸ ਤਿਆਰੀ ਲਈ ਬੜਾ ਚੰਗਾ ਮੋਸਮ ਹੈ। ਇਸ ਮੋਸਮ ਦੋਰਾਨ ਮੈਨੂੰ ਵੀ ਕਿਸੇ ਸਿਆਣੇ ਨੇ ਕੁਝ ਬਣਨ ਲਈ ਮਿਹਨਤ ਕਰਨ ਦਾ ਇਕ ਗੁਰ ਦਸਿਆ ਸੀ। ਇਹ ਬੜੇ ਰਾਜ ਵਾਲਾ ਗੁਰ ਹੈ, ਜੋ ਹਰ ਕਿਸੇ ਨੂੰ ਨਹੀ ਦਸਿਆ ਜਾ ਸਕਦਾ।

ਪਰ ਤੁਸੀ "ਅੰਮ੍ਰਿਤ ਕੀਰਤਨ" ਦੇ ਪਾਠਕ ਤਾਂ ਮੇਰੇ ਆਪਣੇ ਹੋ, ਇਸ ਲਈ ਮੈ ਤੁਹਾਡੀ ਕਾਮਯਾਬੀ ਦੀ ਹਰ ਵੇਲੇ ਕਾਮਨਾ ਕਰਦਾ ਹਾਂ। ਇਹ ਗੁਰ ਤੁਹਾਡੇ ਨਾਲ ਤਾਂ ਸਾਝਾ ਕੀਤਾ ਜਾ ਸਕਦਾ ਹੈ, ਜੇ ਤੁਸੀ ਚੰਗੇ ਕੀਰਤਨੀਏ ਬਣਨਾ ਚਾਹੁੰਦੇ ਹੋ। ਇਹ ਗੁਰ ਨਿਸ਼ਚੇ ਹੀ ਤੁਹਾਡੇ ਜੀਵਨ ਵਿੱਚ ਬੜਾ ਕੰਮ ਆਵੇਗਾ।

ਚੰਗਾ ਕੀਰਤਨੀਆ ਬਣਨ ਲਈ ਚਾਰ ਗੁਣਾਂ ਦੀ ਬਹੁਤ ਲੋੜ ਹੈ। ਇਹਨਾ ਤੋ ਬਿਨਾਂ ਚੰਗਾ ਕੀਰਤਨੀਆਂ ਬਣਨ ਦਾ ਸੁਆਲ ਹੀ ਪੈਦਾ ਨਹੀ ਹੁੰਦਾ ਜਿਵੇ ਕਿ:-

1 ਸੁਰ-ਰਾਗ
2 ਲੈਅ-ਤਾਲ
3 ਗੁਰਬਾਣੀ ਦਾ ਗਿਆਨ
4 ਸ਼ਰਧਾ

ਸੁਰ ਦਾ ਅਰਥ ਹੈ, ਸੁਰੀਲੀ ਆਵਾਜ ਦਾ ਭਾਵ ਹੈ ਕਿ ਜਿਹੜੀ ਆਵਾਜ ਸੁਰਾਂ ਅਨੁਸਾਰ ਹੋਵੇ। ਸ਼ੁਧ ਕੋਮਲ, ਤੀਬਰ, ਮੰਦਰ, ਮਧ, ਤਾਰ ਸੁਰਾਂ ਆਵਾਜ ਜਾ ਸਕੇ। ਕਿਉਕਿ ਸੁਰਾਂ ਤੋ ਹੀ ਰਾਗ ਬਣਦੇ ਹਨ। ਇਸ ਪ੍ਰਕਾਰ ਜੋ ਵੀ ਸ਼ਬਦ ਅਸੀ ਗਾਵਾਂਗੇ ਉਹ ਕਿਸੇ ਨਾ ਕਿਸੇ ਰਾਗ ਵਿੱਚ ਹੀ ਹੋਵੇਗਾ ਭਾਵੇ ਸਾਨੂੰ ਉਸ ਰਾਗ ਦਾ ਪਤਾ ਹੋਵੇ ਜਾਂ ਨਾ ਹੋਵੇ। ਪਰ ਰਾਗ ਦੇ ਗਿਆਨ ਤੋ ਬਿਨਾ ਸੁੰਦਰ ਤੇ ਪ੍ਰਭਾਵਸ਼ਾਲੀ ਰੀਤਾਂ ਨਹੀ ਬਣ ਸਕਦੀਆ। ਇਕ ਤੇ ਸ਼ਬਦ ਪ੍ਰਚਲਤ ਜਿਹੀਆ ਟਿਊਨਾਂ ਵਿੱਚ ਗਾਉਣ ਤੇ ਕੈਸਟਾਂ ਭਰਵਾਉਣ ਨਾਲ ਗੱਲ ਨਹੀ ਬਣ ਸਕਦੀ, ਕਿਉਕਿ ਜਿਸ ਪ੍ਰਕਾਰ ਮਕਾਨ ਨੂੰ ਬਣਾਉਣ ਲਈ ਪਹਿਲੀ ਨੀਹ ਪੱਕੀ ਕਰਨੀ ਪੈਦੀ ਹੈ ਉਸੇ ਤਰਾਂ ਚੰਗੇ ਕੀਰਤਨੀਏ ਬਣਨ ਲਈ ਕੀਰਤਨਦੀ ਗਹਿਰਾਈ ਤਕ ਪਹੁੰਚਣ ਲਈ ਰਾਗਾਂ ਦਾ ਗਿਆਨ ਹੋਣਾ ਬਹੁਤ ਹੀ ਜਰੂਰੀ ਹੈ। ਇਸ ਤੋ ਇਲਾਵਾ ਤੁਹਾਨੂੰ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਸੰਤ ਸਿੰਘ, ਭਾਈ ਸੁਰਜਣ ਸਿੰਘ, ਭਾਈ ਪਿਆਰਾ ਸਿੰਘ ਆਦਿ ਦਾ ਕੀਰਤਨ ਸੁਣ ਕੇ ਵੀ ਕੀਰਤਨ ਦੀ ਗਹਿਰਾਈ ਦਾ ਕੁਝ ਥੋੜਾ ਜਿਹਾ ਗਿਆਨ ਹੋ ਜਾਵੇਗਾ। ਇਹ ਸਾਰੀਆਂ ਤਾਂ ਅਨੁਭਵ ਦੀਆਂ ਹੀ ਗੱਲਾਂ ਹਨ।

ਲੈਅ ਅਤੇ ਤਾਲ ਵੀ ਸੁਰ ਅਤੇ ਰਾਗ ਵਾਂਗ ਬੜੇ ਜਰੂਰੀ ਹਨ। ਲੈਅ ਅਤੇ ਤਾਲ ਲਈ ਵੀ ਰਿਆਜ ਦੀ ਲੋੜ ਮਹਿਸੂਸ ਹੁੰਦੀ ਹੈ। ਗਾਉਣ ਵਾਲੇ ਦੇ ਕੀਰਤਨ ਵਿਚ ਵੰਨ-ਸੁਵੰਨਤਾ ਲਈ ਇਸ ਦਾ ਹੋਣਾ ਵੀ ਬਹੁਤ ਹੀ ਜਰੂਰੀ ਮੰਨਿਆ ਜਾਂਦਾ ਹੈ।

ਤੀਜਾ ਗੁਣ ਗੁਰਬਾਣੀ ਦਾ ਗਿਆਨ ਹੈ। ਇਹ ਉਹ ਵਸਤੂ ਹੈ ਜਿਹੜੀ ਸੁਰ-ਰਾਗ ਦੀ ਧਾਤ ਨਾਲ ਲੈਅ-ਤਾਲ ਦੇ

ਆਕਾਰ ਨਾਲ ਤਿਆਰ ਕੀਤੇ ਭਾਂਡੇ ਵਿੱਚ ਪਰੋਸਣੀ ਹੈ। ਇਸ ਲਈ ਗੁਰਬਾਣੀ ਦਾ ਉਚਾਰਨ ਸ਼ੁਧ ਉਚਾਰਨ ਉਦੋ ਤਕ ਨਹੀ ਹੋ ਸਕਦਾ ਜਦੋ ਤਕ ਕੀਰਤਨੀਏ ਨੂੰ ਗੁਰਬਾਣੀ ਦੇ ਅਰਥ ਨਹੀ ਆਉਦੇ ਗੁਰਬਾਣੀ ਦੀ ਕਾਵਿ-ਕਲਾ ਦਾ ਗਿਆਨ ਨਹੀ ਹੁੰਦਾ। ਜੇ ਸ਼ਬਦ ਦੇ ਅਰਥ ਆਉਦੇ ਹੋਣ, ਕਾਵਿ-ਕਲਾ ਦਾ ਗਿਆਨ ਵੀ ਹੈ, ਤਾਂ ਉਚਾਰਨ ਪ੍ਰਭਾਵ ਆਪਣੇ ਆਪ ਹੀ ਪੈਦਾ ਹੋ ਜਾਂਦਾ ਹੈ।

ਚੌਥਾ ਗੁਣ ਸ਼ਰਧਾ ਦਾ ਦਸਿਆ ਹੈ। ਜੇ ਉਪਰੋਕਤ ਤਿੰਨਾਂ ਗੁਣਾਂ ਵਿਚ ਕੀਰਤਨੀਆਂ ਪ੍ਰਵੀਨ ਹੈ ਤੇ ਸ਼ਰਧਾ ਹੀ ਨਹੀਂ, ਤਾਂ ਕੀਰਤਨ ਵਿਚ ਵੱਡੀ ਘਾਟ ਰਹਿ ਹੀ ਜਾਂਦੀ ਹੈ। ਕਿਉਂਕਿ ਬਿਨਾਂ ਸਰਧਾ ਤੋਂ ਪ੍ਰਭਾਵ ਪੈਂਦਾ ਹੀ ਨਹੀਂ, ਇਹ ਵੀ ਅਨੁਭਵ ਦੀ ਗੱਲ ਕਹੀ ਜਾ ਸਕਦੀ ਹੈ। ਜੇ ਸ਼ਰਧਾ ਹੋਵੇ ਤੇ ਸੁਰ-ਰਾਗ, ਲੈਅ-ਤਾਲ ਦੀਆਂ ਛੋਟੀਆਂ-ਛੋਟੀਆਂ ਊਣਤਾਇਆਂ ਆਪੇ ਹੀ ਢੱਕੀਆਂ ਜਾਂਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਸ਼ਰਧਾਵਾਨ ਕੀਰਤਨੀਆਂ ਸਤਿਗੁਰੂ ਦੀ ਬਾਣੀ ਗਾਉਣ ਲਈ ਸ਼ਰਧਾ ਨਾਲ ਹੀ ਸੁਰ-ਰਾਗ, ਲੈਅ-ਤਾਲ ਦੀ ਤਿਆਰੀ ਕਰਦਾ ਹੈ, ਉਹ ਊਣਤਾਈ ਰਹਿਣ ਹੀ ਨਹੀਂ ਦਿੰਦਾ। ਵਰ ਵੇਖਣ ਵਿੱਚ ਆਇਆ ਹੈ ਕਿ ਕਈ ਵਾਰ ਕੀਰਤਨੀਏ ਆਪਣਾ ਕੀਰਤਨ ਸਤਿਗੁਰਾਂ ਦੇ ਅਰਪਣ ਕਰਨ ਲਈ ਨਹੀਂ ਕਰਦੇ, ਸਗੋਂ ਕਿਸੇ ਖਾਸ ਸਰੋਤੇ ਤੇ ਪ੍ਰਭਾਵ ਪਾਉਣ ਲਈ, ਕਿਸੇ ਖਾਸ ਕੀਰਤਨੀਏ ਦੇ ਪ੍ਰਭਾਵ ਨੂੰ ਘੱਟ ਕਰਨ ਲਈ, ਆਪਣੀ ਕਲਾ ਦਾ ਵਿਖਾਵਾ ਕਰਨ ਲਈ ਜਾਂ ਕੇਵਲ ਮਾਇਆ ਇੱਕਠੀ ਕਰਨ ਲਈ ਹੀ ਕਰਦੇ ਹਨ। ਇਸ ਪ੍ਰਕਾਰ ਕੀਰਤਨ ਵਿਚੋਂ ਸ਼ਰਧਾ ਤਾਂ ਗਾਇਬ ਹੋ ਹੀ ਜਾਂਦੀ ਹੈ ਤੇ ਉਹ ਆਨੰਦ ਜਿਹੜਾ ਕੀਰਤਨ ਸੁਣ ਕੇ ਆਉਣਾ ਚਾਹੀਦਾ ਹੈ ਨਹੀਂ ਆਉਂਦਾ।

ਪਾਠਕੋ ਤੁਸੀਂ ਸੋਚ ਰਹੇ ਹੋਵੋਂਗੇ ਕਿ ਇਹ ਹੋਰ-ਹੋਰ ਗੱਲਾਂ ਕਰੀ ਜਾ ਰਿਹਾ ਹੈ, ਗੁਰ ਤਾਂ ਦਸਦਾ ਨਹੀਂ ਪਿਆ। ਗੁਰ ਜਿਹੜਾ ਸਰਦੀਆਂ ਨਾਲ ਸੰਬੰਧਤ ਹੈ ਹਾਂ, ਉਹ ਗੁਰ ਤਾ ਦੱਸਣਾ ਹੀ ਹੈ ਜਿਹੜਾ ਮੈਨੂੰ ਕਿਸੇ ਸਿਆਣੇ ਨੇ ਦਸਿਆ ਸੀ। ਜੇ ਤੁਹਾਨੂੰ ਮੌਕਾ ਵੀ ਦੱਸ-ਦਿਆਂ ਕਿ ਇਹ ਗੁਰ ਮੈਨੂੰ ਕਦੋਂ ਦਸਿਆ, ਤਾਂ ਚੰਗਾ ਹੀ ਹੋਵੇਗਾ। ਇਹ ਗੱਲ 1974-75 ਦੀ ਹੈ। ਮੈਂ ਕਿਸੇ ਦੇ ਅਨੰਦ-ਕਾਰਜ ਸੰਬੰਧੀ ਕੀਰਤਨ ਕਰਨ ਲਈ ਚੰਡੀਗੜ੍ਹ ਦੇ ਨੇੜੇ ਪੰਚਕੂਲਾ ਵਿਚ ਗਿਆ ਸੀ। ਅਨੰਦ-ਕਾਰਜ ਦੀ ਰਸਮ ਪੂਰੀ ਕੀਤੀ ਤਾਂ ਲੜਕੇ ਵਾਲੇ ਕਹਿਣ ਲੱਗੇ ਕਿ ਬੱਚੇ-ਬੱਚੀ ਨੂੰ ਸਿੱਖਿਆ ਜਰੂਰ ਦਿੱਤੀ ਜਾਵੇ। ਮੈਂ ਸੁਭਾਵਿਕ ਹੀ ਇਹ ਵੀ ਕਹਿ ਦਿੱਤਾ,"ਸਾਧ-ਸੰਗਤ ਜੀ, ਮੇਰਾ ਅਜੇ ਆਪਣਾ ਅਨੰਦ-ਕਾਰਜ ਨਹੀਂ ਹੋਇਆ, ਇਸ ਲਈ ਚੰਗਾ ਹੀ ਹੋਵੇ ਜੇ ਸੰਗਤ ਵਿਚੋਂ ਕੋਈ ਸੂਝਵਾਨ ਬਜ਼ੁਰਗ ਹੀ ਉਠਿ ਕੇ ਅਜਿਹੀ ਸਿੱਖਿਆ ਦੇਵੇ ਜੋ ਇਸ ਜੋੜੀ ਦੇ ਕੰਮ ਆਵੇ ਤੇ ਮੈਂ ਵੀ ਉਸ ਨੂੰ ਧਾਰਨ ਕਰ ਸਕਾਂ।"

ਉਸੇ ਵੇਲੇ ਇਕ ਸਧਾਰਨ ਜਿਹਾ ਵਿਅਕਤੀ ਜਿਸ ਨੇ ਖੱਦਰ ਦੇ ਕਪੜੇ ਪਾਏ ਹੋਏ ਸਨ, ਉਠਿਆ ਤੇ ਉਸ ਨੇ ਕਾਫੀ ਸਿੱਖਿਆ ਦਾਇਕ ਗੱਲਾਂ ਕਹੀਆ। ਬਾਦ ਵਿੱਚ ਮੈਨੂੰ ਇਹ ਵੀ ਪਤਾ ਲੱਗਾ ਕਿ ਉਹ ਸੱਜਣ ਇਕ ਮੈਗਜ਼ੀਨ ਦਾ ਐਡੀਟਰ ਵੀ ਸੀ। ਪਰ ਉਸ ਦੀ ਜਿਹੜੀ ਗੱਲ ਨੂੰ ਮੈਂ ਆਪਣੇ ਜੀਵਨ ਵਿਚ ਵਸਾਇਆ, ਉਹ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਉਸ ਵਿਅਕਤੀ ਨੇ ਕਿਹਾ," ਜੋ ਵੀ ਤੁਸੀ ਪ੍ਰਾਪਤ ਕਰਨਾ ਚਾਹੁੰਦੇ ਹੋ, ਉਸ ਲਈ ਤੁਹਾਨੂੰ ਮਿਹਨਤ ਕਰਨੀ ਪੈਣੀ ਹੈ।" ਉਹ ਮਿਹਨਤ ਕਰਨ ਲਈ ਸਮਾਂ ਚਾਹੀਦਾ। ਤੁਸੀਂ ਕਹੋਗੇ, ਕਿ ਸਾਡੇ ਕੋਲ ਸਮਾਂ ਹੈ ਨਹੀਂ। ਮੈਂ ਤੁਹਾਨੂੰ ਸਮਾਂ ਦਿੰਦਾ ਹਾਂ, ਜਿੰਨੇ ਵਜੇ ਤੁਸੀ ਹੁਣ ਉਠਦੇ ਹੋ ਉਸ ਤੋਂ ਇਕ ਘੰਟਾ ਪਿਹਲਾਂ ਉਠਣਾ ਸ਼ੁਰੂ ਕਰ ਦਿਓ। ਉਹ ਇਕ ਘੰਟਾ ਉਸ ਕੰਮ ਲਈ ਲਾ ਦਿਓ। ਫਿਰ ਤੁਹਾਨੂੰ ਕੋਈ ਵੀ ਕਾਮਯਾਬ ਹੋਣੋਂ ਨਹੀਂ ਰੋਕ ਸਕਦਾ।

ਮੇਰੇ ਪਾਠਕੋ, ਜੇ ਤੁਸੀ ਚੰਗੇ ਕੀਰਤਨੀਏ ਬਣਨਾ ਚਾਹੁੰਦੇ ਹੋ, ਤਾਂ ਤੁਸੀਂ ਵੀ ਸਵੇਰ ਵਾਲਾ ਇਕ ਘੰਟਾ ਕੱਢ ਲਵੋ। ਸਰਦੀਆਂ ਵਿੱਚ ਆਮ ਲੋਕ ਵਧੇਰੇ ਦੇਰ ਤਕ ਸੌਂਦੇ ਹਨ ਤੇ ਤੁਸੀ ਇਸ ਸਮੇਂ ਦਾ ਲਾਭ ਲੈ ਸਕਦੇ ਹੋ। ਸਵੇਰੇ ਉਠ ਕੇ ਮਿੱਠੀ-ਮਿੱਠੀ ਅਵਾਜ਼ ਵਿਚ ਸਹਿਜ ਨਾਲ ਰਿਆਜ਼ ਕਰੋ। ਜੇ ਬਹੁਤ ਕੁਝ ਨਹੀਂ ਕਰਨਾ ਚਾਹੁੰਦੇ ਤਾਂ ਆਪਣੇ-ਆਪ ਨੂੰ ਸੁਣ ਕੇ ਕੀਰਤਨ ਕਰੋ, ਜਿਹੜਾ ਤੁਹਾਡੇ ਕੰਨਾਂ ਨੂੰ ਚੰਗਾ ਲੱਗੇ। ਗੁਰਬਾਣੀ ਦੇ ਅਰਥ ਪੜ੍ਹੋ, ਪਾਠ ਕਰੋ। ਹੋਰ ਨਹੀਂ ਤਾਂ ਇਸ ਸਮੇ ਦੌਰਾਨ ਚੰਗੇ ਰਾਗੀਆਂ ਦਾ ਕੀਰਤਨ ਸੁਣੋ। ਫਿਰ ਵੇਖੋ ਕਿ ਤੁਹਾਡੇ ਕੀਰਤਨ ਵਿਚ ਕਿਵੇਂ ਬਰਕਤ ਪੈਂਦੀ ਹੈ। ਰਿਆਜ਼ ਕਰਨ ਦੇ ਹੋਰ ਤਰੀਕੇ ਤਾਂ ਅਸੀਂ "ਅੰਮ੍ਰਿਤ ਕੀਰਤਨ" ਵਿਚ ਦਸਦੇ ਹੀ ਰਹਿੰਦੇ ਹਾਂ। ਪਰ ਤੁਹਾਡੀ ਸ਼ਿਕਾਇਤ ਸੀ ਕਿ ਸਾਡੇ ਕੋਲ ਸਮਾਂ ਨਹੀਂ। ਸਮੇਂ ਵਾਲਾ ਮਸਲਾ ਤਾ ਅਸੀਂ ਹਲ ਕਰ ਦਿੱਤਾ ਕਿਉਂਕਿ ਇਹ ਸਰਦੀਆਂ ਦਾ ਵੇਲਾ ਰਾਗ ਗਾਉਣ ਲਈ ਬੜਾ ਚੰਗਾ ਹੈ। ਇਸ ਵੇਲੇ ਨੂੰ ਰਾਗ ਗਾਉਣ ਲਈ ਵਰਤਿਆ ਜਾ ਸਕਦਾ ਹੈ।

ਆਓ ਇਹ ਨਵਾ ਸਾਲ ਇਸ ਸੁਨਹਿਰੀ ਗੁਰ ਨੂੰ ਅਪਨਾਉਂਦੇ ਹੋਏ ਸਫਲ ਕਰਨ ਦਾ ਜਤਨ ਕਰੀਏ।

ਸ਼ੁਭ ਕਾਮਨਾਵਾਂ ਸਹਿਤ

ਤੁਹਾਡਾ ਆਪਣਾ

# ਕੀਰਤਨ ਪਰੰਪਰਾ

ਪ੍ਰੋ. ਕਰਤਾਰ ਸਿੰਘ

ਕੀਰਤਨ ਦੀ ਅਨਮੋਲ ਦਾਤ ਸਾਨੂੰ ਗੁਰੂਆਂ ਤੋਂ ਪ੍ਰਾਪਤ ਹੋਈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੯ ਰਾਗਾਂ ਵਿਚ, ਗੁਰੂ ਅੰਗਦ ਦੇਵ ਜੀ ਨੇ ੧੦ ਰਾਗਾਂ ਵਿਚ, ਗੁਰੂ ਅਮਰਦਾਸ ਜੀ ਨੇ ੨੧ ਰਾਗਾਂ ਵਿੱਚ, ਗੁਰੂ ਰਾਮਦਾਸ ਜੀ ਨੇ ੨੯ ਰਾਗਾਂ ਵਿੱਚ ਤੇ ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ ਅਤੇ ਕੀਰਤਨ ਸਿੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਹੀ ਬਣ ਗਿਆ । ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦੇ ਸਮੇਂ ਕੀਰਤਨ ਦੇ ਨਾਲ-ਨਾਲ ਢਾਡੀਆਂ ਦੁਆਰਾ ਢੱਡ ਤੇ ਸਾਰੰਗੀ ਨਾਲ ਵਾਰਾਂ ਗਾਇਨ ਦੀ ਪ੍ਰਥਾ ਵੀ ਆਰੰਭ ਹੋ ਗਈ । ਗੁਰੂ ਹਰ ਰਾਇ ਅਤੇ ਗੁਰੂ ਹਰ ਕ੍ਰਿਸ਼ਨ ਜੀ ਦੇ ਸਮੇਂ ਵੀ ਕੀਰਤਨ ਦੀ ਮਰਿਯਾਦਾ ਚਲਦੀ ਰਹੀ । ਗੁਰੂ ਤੇਗ ਬਹਾਦਰ ਜੀ ਨੇ ੧੫ ਰਾਗਾਂ ਵਿਚ ਬਾਣੀ ਉਚਾਰਣ ਕੀਤੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਵੀ ਸੰਗੀਤ ਵਿੱਦਿਆ ਵਿਚ ਮਾਹਿਰ ਸਨ । ਉਨ੍ਹਾਂ ਦੇ ਸਮੇਂ ਵੀ ਕੀਰਤਨ ਪ੍ਰੰਪਰਾ ਚਲਦੀ ਰਹੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪ ਤੋਂ ੧੩੫੨ ਤੱਕ ਸਾਰੀ ਹੀ ਬਾਣੀ ਰਾਗਬੱਧ ਹੈ । ਜੋ ੬ ਗੁਰੂ ਸਾਹਿਬਾਨ ੩ ਸਿਖਾਂ ਤੇ ੧੫ ਭਗਤਾਂ ਦੀ ਰਚਨਾ ਹੈ । ਗੁਰੂ ਕਾਲ ਤੋਂ ਬਾਦ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ, ਸਿੱਖ ਮਿਸਲਾਂ ਦੇ ਸਰਦਾਰ ਸ੍ਰੀ ਦਰਬਾਰ ਸਾਹਿਬ ਦਰਸ਼ਨਾ ਨੂੰ ਆਉਂਦੇ ਤੇ ਬਾਣੀ ਦਾ ਕੀਰਤਨ ਸੁਣਦੇ ।

ਕੀਰਤਨ ਪ੍ਰੰਪਰਾ ਦੀ ਸਾਂਭ ਵਿੱਚ ਰਬਾਬੀਆਂ ਦਾ ਵੀ ਬਹੁਤ ਯੋਗਦਾਨ ਹੈ । ਗੁਰੂ ਨਾਨਕ ਦੇਵ ਜੀ ਦੇ ਪ੍ਰਥਮ ਰਬਾਬੀ ਭਾਈ ਮਰਦਾਨਾ ਜੀ ਨੇ ਜੀਵਨ ਪ੍ਰਯੰਤ ਤਕਰੀਬਨ ਪੰਜ ਦਹਾਕੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਕੀਰਤਨ ਦੀ ਸੇਵਾ ਨਿਭਾਈ ਹੈ । ਇਹਨਾਂ ਤੋਂ ਪਿਛੋਂ ਇਹਨਾਂ ਦੇ ਪੁੱਤਰ ਭਾਈ ਸ਼ਹਿਜ਼ਾਦਾ ਅਤੇ ਭਾਈ ਰਜ਼ਾਦਾ ਗੁਰੂ ਘਰ ਵਿਚ ਕੀਰਤਨ ਦੀ ਸੇਵਾ ਕਰਦੇ ਰਹੇ । ਫਿਰ ਭਾਈ ਰਜ਼ਾਦਾ ਦੇ ਪੁੱਤਰ ਭਾਈ ਸਾਦੂ ਤੇ ਭਾਈ ਮਾਦੂ ਕੀਰਤਨ ਦੀ ਸੇਵਾ ਕਰਦੇ ਰਹੇ । ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਡੱਲਾ ਨਿਵਾਸੀ ਸਿੱਖ ਭਾਈ ਪਾਂਧਾ ਤੇ ਭਾਈ ਬੂਲਾ ਕੀਰਤਨ ਦੀ ਸੇਵਾ ਕਰਦੇ ਰਹੇ । ਸ੍ਰੀ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਸਮੇਂ ਭਾਈ ਸੱਤਾ ਤੇ ਬਲਵੰਡ ਕੀਰਤਨ ਕਰਦੇ ਰਹੇ । ਭਾਈ ਸੱਤਾ ਤੇ ਬਲਵੰਡ ਪਹਿਲੇ ਰਬਾਬੀ ਹਨ, ਜਿਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਵਿਖੇ ਕੀਰਤਨ ਸੇਵਾ ਦਾ ਆਰੰਭ ਕੀਤਾ । ਗੁਰੂ ਅਰਜਨ ਦੇਵ ਜੀ ਨੇ ਜਦੋਂ ਕੀਰਤਨ ਦੀ ਦਾਤ ਗੁਰਸਿੱਖਾਂ ਦੀ ਝੋਲੀ ਪਾਈ ਤਾਂ ਫਿਰ ਕੀਰਤਨ ਕਰਨ ਵਾਲੀਆਂ ਦੋ ਸ਼੍ਰੇਣੀਆਂ, ਰਬਾਬੀ ਤੇ ਰਾਗੀ (ਸਿਖ ਕੀਰਤਨੀਏ) ਬਣ ਗਈਆਂ । ਗੁਰੂ ਕਾਲ ਅਤੇ ਬਾਅਦ ਵਿਚ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਸੇਵਾ ਰਬਾਬੀ ਅਤੇ ਰਾਗੀ ਕਰਦੇ ਰਹੇ । ਕੀਰਤਨ ਕਲਾ ਵਿਚ ਨਿਪੁੰਨ ਰਬਾਬੀਆਂ ਅਤੇ ਰਾਗੀਆਂ ਦੋਹਾਂ ਸ਼੍ਰੇਣੀਆਂ ਵਿਚ ਹੀ ਅਨੇਕ ਸੰਗੀਤ ਕਲਾ ਵਿਚ ਨਿਪੁੰਨ ਕੀਰਤਨੀਆਂ ਨੇ ਆਪਣੀ ਕੀਰਤਨ ਸੇਵਾ ਦੁਆਰਾ ਕੀਰਤਨ ਦੀਆਂ ਉਚ ਪ੍ਰੰਪਰਾਵਾਂ ਨੂੰ ਕਾਇਮ ਰਖਿਆ ਤੇ ਕੀਰਤਨ ਦੇ ਅਮੀਰ ਵਿਰਸੇ ਵਿਚ ਯੋਗਦਾਨ ਪਾਇਆ । ਸ੍ਰੀ ਦਰਬਾਰ ਸਾਹਿਬ ਵਿਖੇ ਕੁਲ ੧੫ ਚਉਕੀਆਂ ਦੀ ਕੀਰਤਨ ਮਰਿਯਾਦਾ ਚਲੀ ਆ ਰਹੀ ਹੈ । ਜਿਸ ਵਿਚ ੮ ਚਉਂਕੀਆਂ ਰਾਗੀਆਂ ਦੀਆਂ ਤੇ ੭ ਚਉਂਕੀਆਂ ਰਬਾਬੀਆਂ ਦੀਆਂ ਹੁੰਦੀਆਂ । ਦੇਸ਼ ਦੀ ਵੰਡ ਸਮੇਂ ਰਬਾਬੀ ਸ਼੍ਰੇਣੀ, ਜੋ ਕੀਰਤਨ ਦੁਆਰਾ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਘਰ ਨਾਲ ਜੁੜੀ ਹੋਈ ਸੀ, ਪਾਕਿਸਤਾਨ ਜਾਣ ਕਾਰਣ ਟੁੱਟ ਗਈ ਤੇ ਇਹਨਾਂ ਦੀ ਕੀਰਤਨ ਸੇਵਾ ਵੀ ਸਿੱਖ ਰਾਗੀਆਂ ਦੇ ਜ਼ਿੰਮੇ ਆ ਗਈ । ਉਸ ਸਮੇਂ ਰਾਗੀਆਂ ਦੀ ਸ਼੍ਰੇਣੀ ਵਿਚ ਵੀ ਕਈ ਪੁਰਾਣੇ ਤੇ ਰਾਗ ਵਿੱਦਿਆ ਵਿਚ ਨਿਪੁੰਨ ਨਾਮੀ ਕੀਰਤਨੀਏ ਸਨ ਤੇ ਨਵ ਪੀੜ੍ਹੀ ਵਿਚ ਵੀ ਕੀਰਤਨ ਵਿੱਦਿਆ ਸਿੱਖਣ ਲਈ ਉਤਸ਼ਾਹ ਰੱਖਣ ਵਾਲੇ ਰਿਯਾਜ਼ੀ ਵੀ ਸਨ । ਉਸ ਪ੍ਰਭਾਵ ਸਦਕਾ ਕੀਰਤਨ ਪ੍ਰੰਪਰਾ ਦਾ ਸਰੂਪ ਲਗਭਗ ੨੦-੨੫ ਸਾਲ ਤਕ ਕਾਇਮ ਰਿਹਾ ।

ਕੀਰਤਨ ਚਉਂਕੀ ਦੀ ਮਰਯਾਦਾ ਅਨੁਸਾਰ ਰਾਗੀ ਜੱਥਾ ਤੰਤੀ ਸਾਜ਼ ਤੇ ਤਬਲਾ ਸੁਰ ਕਰਨ ਤੋਂ ਪੰਜ ਸੱਤ ਮਿੰਟ ਰਾਗ ਦਾ ਲਹਿਰਾ (ਸ਼ਾਨ) ਵਜਾਂਦਾ, ਜ਼ਿਆਦਾ ਕਰਕੇ ਤੀਨਤਾਲ ਵਿਚ ਜਿਸ ਨਾਲ ਉਸ ਰਾਗ ਦਾ ਵਾਤਾਵਰਣ ਬਣ ਜਾਂਦਾ, ਤਬਲੇ (ਜੋੜੀ) ਵਾਲਾ ਵੀ ਕਾਇਦਾ ਪਲਟੇ, ਪਰਨਾਂ ਆਦਿ ਵਜਾ ਕੇ ਤਿਹਾਈਆਂ ਨਾਲ ਮੁਕਾਅ ਕਰਦਾ । ਉਪਰੰਤ ਮੰਗਲਾਚਰਨ ਆਰੰਭ ਹੁੰਦਾ । ਪਹਿਲਾਂ ਜੱਥੇ ਦਾ ਮੁੱਖੀ ਤੇ ਫਿਰ ਦੂਜੇ ਸਾਥੀ ਵਾਰੀ ਵਾਰੀ ਵਿਲੰਬਿਤ ਲੈਅ ਏਕਤਾਲ ਜਾ ਜੱਤ ਤਾਲ ਦਾ ਠੇਕਾ ਰਖਵਾ ਕੇ ਕੀਰਤਨ ਦੀ ਆਰੰਭਤਾ ਲਈ ਬੇਨਤੀਆਂ ਦੇ ਸਲੋਕਾਂ ਦਾ ਗਾਇਣ ਕਰਦੇ । ਐਸਾ ਮਾਹੌਲ ਬਣ ਜਾਂਦਾ ਜਿਵੇਂ ਗੁਰੂ ਦੀ ਸ਼ਰਨ ਆਕੇ ਬਿਨਤੀਆਂ ਤੇ ਜੋਦੜੀਆਂ ਕਰਕੇ ਕੀਰਤਨ ਦੀ ਆਰੰਭਤਾ ਦੀ ਆਗਿਆ ਲਈ ਜਾ ਰਹੀ ਹੈ, 'ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰ ਹਥ' । ਇਸ ੧੫/੨੦ ਮਿੰਟ ਦੇ ਸਮੇਂ ਵਿੱਚ ਰਾਗ ਦਾ ਪੂਰਾ ਵਾਤਾਵਰਣ ਛਾ ਜਾਂਦਾ, ਗਾਇਣ ਕਰਨ ਵਾਲਿਆਂ ਤੇ ਸ੍ਰੋਤਿਆਂ ਦੀਆਂ ਸੁਰਤਾਂ ਟਿੱਕ ਜਾਂਦੀਆਂ । ਮੰਗਲਾਚਰਨ ਤੋਂ ਬਾਦ ਪਹਿਲੇ ਸ਼ਬਦ ਦਾ ਗਾਇਣ ਕੁਝ ਜੱਥੇ ਚਾਰ ਤਾਲ ਵਿਚ ਆਰੰਭ ਕਰਦੇ । ਅਸਥਾਈ ਦੇ ਸ਼ੁਰੂ ਵਿਚ ਤਬਲੇ (ਜੋੜੀ) ਵਾਲਾ ਏਕ ਤਾਲ

ਦਾ ਹੀ ਠੇਕਾ ਰਖਦਾ ਪਰ ਫਿਰ ਖੁੱਲੇ ਬੋਲ ਸਾਥ ਵੀ ਵਜਾਉਂਦਾ। ਅੰਤਰੇ ਵਿਚ ਵੀ ਸਾਥ ਵਜਾ ਕੇ ਹੀ ਸੰਗਤ ਕਰਦਾ ਤੇ ਵੱਖ ਵੱਖ ਲੈਅ-ਕਾਰੀਆਂ ਵੀ ਦਿਖਾਈਆਂ ਜਾਂਦੀਆਂ ਤੇ ਤਿਹਾਈਆਂ ਦੇ ਕੇ ਮੁਕਾਅ ਕੀਤਾ ਜਾਂਦਾ। ਸ਼ਬਦ ਗਾਇਣ ਕਰਨ ਵਾਲੇ ਵੀ ਬੋਲ ਬਾਂਟ ਦੁਆਰਾ ਤੇ ਹੋਰ ਲੈਅ-ਕਾਰੀਆਂ ਦਿਖਾਂਦੇ ਤੇ ਵੱਖ ਵੱਖ ਤਿਹਾਈਆਂ ਦੇ ਕੇ ਸੰਮ ਤੇ ਆਉਂਦੇ ਤੇ ਸ਼ਬਦ ਦੀ ਸਮਾਪਤੀ ਕਰਦੇ। ਕਈ ਹੋਰ ਕੀਰਤਨੀਏ ਪਹਿਲੇ ਸ਼ਬਦ ਦਾ ਗਾਇਣ ਧਮਾਰ, (ਪੰਜਾਬ ਬਾਜ) ਝਪਤਾਲ, ਜਤ ਤਾਲ, ਮੱਤ ਤਾਲ, ਕੁੰਭ ਤਾਲ ਪੰਚਮ ਸੁਵਾਰੀ ਆਦਿ ਕਿਸੇ ਤਾਲ ਵਿਚ ਵਿਲੰਬਿਤ ਲੈਅ ਵਿਚ ਆਰੰਭ ਕਰਦੇ। ਇਨ੍ਹਾਂ ਸ਼ਬਦਾਂ ਵਿਚ ਖਿਆਲ ਗਾਇਣ ਸ਼ੈਲੀ ਦਾ ਹੀ ਜ਼ਿਆਦਾ ਪ੍ਰਭਾਵ ਰਹਿੰਦਾ। ਅਲਾਪ, ਬੋਲ ਅਲਾਪ ਤੇ ਤਾਨਾਂ ਅਕਾਰ ਵਿਚ ਬੋਲ ਤਾਨਾ ਦਾ ਪ੍ਰਯੋਗ ਵੀ ਕੀਤਾ ਜਾਂਦਾ। ਐਸੀਆਂ ਸ਼ਬਦ ਬੰਦਸ਼ਾਂ ਵਿਚ ਭਾਵੇਂ ਰਾਗਦਾਰੀ ਦਾ ਪ੍ਰਭਾਵ ਜ਼ਿਆਦਾ ਜਾਗਦਾ ਰਹਿੰਦਾ ਪਰ ਫਿਰ ਵੀ ਸ਼ਬਦ ਦੀ ਪ੍ਰਧਾਨਤਾ ਬਣੀ ਰਹਿੰਦੀ ਤੇ ਸ੍ਰੋਤਾ ਬਾਣੀ ਨਾਲ ਜੁੜਿਆਂ ਰਹਿੰਦਾ। ਦੂਜਾ ਸ਼ਬਦ ਉਸੇ ਰਾਗ ਵਿਚ ਹੀ ਤੀਨਤਾਲ / ਇੱਕ ਤਾਲ ਮੱਧ ਲੈਅ ਵਿਚ ਆਰੰਭ ਕੀਤਾ ਜਾਂਦਾ। ਜੱਥੇ ਦੇ ਸਾਰੇ ਮੈਂਬਰ ਵਾਰੀ ਵਾਰੀ ਅਲਾਪ, ਬੋਲ ਅਲਾਪ, ਤਾਨਾਂ ਤੇ ਬੋਲ ਤਾਨਾਂ ਦਾ ਪ੍ਰਯੋਗ ਕਰਦੇ। ਤਿਹਾਈਆਂ ਦਾ ਵੀ ਪ੍ਰਯੋਗ ਹੁੰਦਾ। ਸ਼ਬਦ ਵਿਚ ਪ੍ਰਮਾਣ ਇਕੱਠੇ ਮਿਲ ਕੇ ਵੀ ਤੇ ਵਾਰੀ ਵਾਰੀ ਵੀ ਗਾਇਣ ਕਰਕੇ ਸ੍ਰੋਤਿਆਂ ਨੂੰ ਕੀਰਤਨ ਨਾਲ ਜੋੜਦੇ। ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਦੁਰਤ ਲੈਅ ਵਿਚ ਗਾਈਆਂ ਜਾਂਦੀਆਂ ਤੇ ਤਾਨਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ। ਆਮ ਤੌਰ ਤੇ ਤਿਹਾਈਆਂ ਦੇ ਕੇ ਹੀ ਸ਼ਬਦ ਦੀ ਸਮਾਪਤੀ ਹੁੰਦੀ। ਤੀਜੇ ਸ਼ਬਦ ਦਾ ਗਾਇਣ ਦੀਪਚੰਦੀ, ਛੋਟਾ ਤੀਨ ਤਾਲ, ਰੂਪਕ, ਕਹਿਰਵਾ, ਦਾਦਰਾ ਆਦਿ ਕਿਸੇ ਤਾਲ ਵਿਚ ਹੁੰਦਾ। ਇਸ ਸ਼ਬਦ ਦਾ ਗਾਇਣ ਕੁਝ ਸੁਖੈਲ ਢੰਗ ਦਾ ਹੁੰਦਾ ਤੇ ਕਈ ਵਾਰੀ ਉਸ ਰਾਗ ਵਿਚ ਜਾਂ ਕਿਸੇ ਹੋਰ ਪ੍ਰਚੱਲਿਤ ਸੁਖੈਨ ਰਾਗ ਭੈਰਵੀ, ਪਹਾੜੀ, ਸਿੰਧੜਾ ਪੀਲੋ ਆਦਿ ਰਾਗ ਵਿਚ ਗਾਇਆ ਜਾਂਦਾ। ਜੱਥੇ ਦੇ ਮੈਂਬਰ ਵਾਰੀ ਵਾਰੀ ਅਲਾਪ ਵੀ ਲੈਂਦੇ ਤੇ ਪ੍ਰਮਾਣ ਦੇ ਕੇ ਕੀਰਤਨ ਦਾ ਰਸ ਬੰਨ੍ਹ ਦਿੰਦੇ। ਆਮ ਤੌਰ ਤੇ ਰਬਾਬੀ ਜੱਥੇ ਇਹ ਸ਼ਬਦ ਕਵਾਲੀ ਢੰਗ ਨਾਲ ਵੀ ਗਾਇਣ ਕਰਦੇ। ਉਹ ਸ਼ਬਦ ਵਿਚ ਅਲਾਪ ਤਾਂ ਵਾਰੀ ਵਾਰੀ ਹੀ ਲੈਂਦੇ ਪਰ ਪ੍ਰਮਾਣ, ਦਾ ਮਿਲ ਕੇ ਹੀ ਗਾਇਣ ਕਰਦੇ ਤੇ ਸੰਗਤਾਂ ਨੂੰ ਕੀਰਤਨ ਨਾਲ ਜੋੜ ਲੈਂਦੇ। ਤੀਜੇ ਜਾਂ ਚੌਥੇ ਸ਼ਬਦ ਦੀ ਸਮਾਪਤੀ ਤੋਂ ਬਾਅਦ ਪਉੜੀ ਲਗਾ ਕੇ ਕੀਰਤਨ ਚਉਂਕੀ ਦੀ ਸਮਾਪਤੀ ਹੁੰਦੀ। ਪਰ ਕੀਰਤਨ ਪਰੰਪਰਾ ਦੇ ਇਸ ਅਮੀਰ ਵਿਰਸੇ ਦਾ ਸਰੂਪ ਅੱਜ ਅਲੋਪ ਹੋ ਗਿਆ ਹੈ। ਪੁਰਾਣੀ ਪੀੜ੍ਹੀ ਦੇ ਜਾਣ ਨਾਲ ਕੀਰਤਨ ਦੀ ਪ੍ਰੰਪਰਾਗਤ ਸ਼ੈਲੀ ਨੂੰ ਬਹੁਤ ਧੱਕਾ ਲੱਗਾ ਹੈ। ਅੱਜ ਦਾ ਪ੍ਰਚੱਲਿਤ ਕੀਰਤਨ ਭੈਰਵੀ, ਪਹਾੜੀ, ਸ਼ਿਵਰੰਜਨੀ, ਕਲਾਵਤੀ ਆਦਿ ਕੁਝ ਰਾਗਾਂ ਵਿੱਚ ਤੇ ਕਹਿਰਵਾ, ਦਾਦਰਾ ਤਾਲਾਂ ਤੱਕ ਹੀ ਸੀਮਤ ਰਹਿ ਗਿਆ ਹੈ। ਇਸ ਤਰ੍ਹਾਂ ਲੋਕ ਗੀਤਾਂ ਦੀਆਂ ਧੁਨਾਂ ਤੇ ਫਿਲਮੀ ਤਰਜ਼ਾਂ ਤੇ ਸ਼ਬਦਾਂ ਦਾ ਗਾਇਣ ਕਰਕੇ ਅਸੀਂ ਸੰਗਤਾਂ ਨੂੰ ਆਪਣੇ ਕੀਰਤਨ ਦੇ ਅਮੀਰ ਵਿਰਸੇ ਤੋਂ ਦੂਰ ਲੈ ਜਾ ਰਹੇ ਹਾਂ। ਅੱਜ ਦੇ ਕੀਰਤਨ ਦਰਬਾਰਾਂ ਵਿਚ ਭਾਗ ਲੈਣ ਵਾਲੇ ਮਹਾਨ ਕੀਰਤਨੀਏ ਵੀ ਨਿਰਧਾਰਤ ਰਾਗਾਂ ਵਿਚ ਤੀਨ ਤਾਲ ਵਿਚ ਵੀ ਸ਼ਬਦ ਗਾਇਣ ਕਰਨ ਦੀ ਲੋੜ ਨਹੀਂ ਸਮਝਦੇ ਹਨ। ਰਾਗ ਵਿਹੂਣ ਕੀਰਤਨ, ਕੀਰਤਨ ਨਹੀਂ ਹੈ। ਜਾਗਦੀ ਜੋਤ ਨੂੰ ਹਾਜ਼ਰ ਨਾਜ਼ਰ ਜਾਣ, ਨਿੰਮ੍ਰਤ ਹੋ ਕੇ, ਸ਼ਬਦ ਦੁਆਰਾ ਰਾਗ ਦਾ ਸਰੂਪ ਅਲਾਪਣ ਨਾਲ, ਵਾਤਾਵਰਣ ਬਣ ਜਾਣ ਨਾਲ ਸ਼ਬਦ ਨੂੰ ਮੁੱਖ ਰੱਖ ਕੇ ਗਾਇਣ ਹੋਵੇਗਾ, ਤਾਂ ਹੀ ਕੀਰਤਨ ਹੈ। ਕੀਰਤਨ ਵਿਚ ਰਾਗਦਾਰੀ ਨੂੰ ਮੁੱਖ ਨਹੀਂ ਰੱਖਿਆ ਜਾ ਸਕਦਾ, ਨਾ ਹੀ ਸਰਗਮਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਅਸਾਂ ਤਾਂ ਸ਼ਬਦ ਨਾਲ ਜੁੜਨਾ ਹੈ। ਰਾਗ ਤਾਂ ਮਾਧਿਅਮ ਹੈ। ਗੁਰਬਾਣੀ ਰਾਗਾਂ ਵਿਚ ਰਚੀ ਹੋਈ ਹੈ ਅਤੇ ਅਸੀਂ ਉਹਨਾਂ ਰਾਗਾਂ ਵਿਚ ਗੁਰਬਾਣੀ ਦਾ ਗਾਇਣ ਕਰਨ ਤੋਂ ਮੁਨੱਕਰ ਹੋ ਕੇ ਕਿਵੇਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ। ਸਮੂਹ ਗੁਰ ਅਸਥਾਨ ਕੀਰਤਨ ਪ੍ਰਸਾਰਨ ਦੇ ਸੋਮੇਂ ਹਨ, ਜਿੱਥੇ ਸੰਗਤਾਂ ਨਿੱਤ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਕੀਰਤਨ ਸੁਣਦੀਆਂ ਹਨ। ਜੇ ਕੀਰਤਨ ਤੇ ਪ੍ਰਬੰਧਕ ਸ਼੍ਰੇਣੀ ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਭਾਵਾਂ ਅਤੇ ਹੋਰ ਗੁਰਮਤਿ ਪ੍ਰਚਾਰ ਸੁਸਾਇਟੀਆਂ ਆਉਂਦੀਆਂ ਹਨ, ਨਿਸ਼ਚਾ ਕਰ ਲੈਣ ਤਾਂ ਕੀਰਤਨ ਸ਼ੈਲੀ ਦਾ ਅਸਲ ਤੇ ਪੁਰਾਤਨ ਸਰੂਪ ਫਿਰ ਵਾਪਸ ਲਿਆਇਆ ਜਾ ਸਕਦਾ ਹੈ। ਅਸੀਂ ਪਿਉ ਦਾਦੇ ਦੇ ਖ਼ਜ਼ਾਨੇ 'ਚੋਂ ਆਪਣੇ ਵਿਰਸੇ ਦੀ ਸੰਭਾਲ ਕਰੀਏ ਤਾਂ ਜੋ ਗੁਰ ਅਸਥਾਨਾਂ ਵਿਚ ਰਾਗੁ ਵਿਹੂਣੇ ਕੀਰਤਨ ਦੀ ਥਾਂ ਸਦੈਵ ਰਾਗ-ਅਧਾਰਤ ਕੀਰਤਨ ਦੀਆਂ ਧੁਨੀਆਂ ਗੂੰਜਦੀਆਂ ਰਹਿਣ ਤੇ ਅੱਜ ਦੇ ਪ੍ਰਚਲਿਤ ਸ਼ਬਦ ਗੀਤਾਂ ਤੇ ਅਧਾਰਤ ਕੀਰਤਨ ਦਰਬਾਰਾਂ ਦੀ ਥਾਂ ਤੇ ਗੁਰਮਤਿ ਸੰਗੀਤ ਅਧਾਰਤ ਅਦੁੱਤੀ ਕੀਰਤਨ ਦਰਬਾਰ ਦੇ ਪ੍ਰਵਾਹ ਚਲਦੇ ਰਹਿਣ। ਅਸੀਂ ਮਾਣ ਕਰ ਸਕੀਏ ਕਿ ਸਾਡੇ ਕੀਰਤਨੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁੱਖ ਰਾਗਾਂ ਵਿਚ ਸ਼ਬਦ ਗਾਇਣ ਕਰਨ ਦੇ ਸਮਰੱਥ ਹਨ ਅਤੇ ੩੦ ਮਿਸ਼ਰਤ ਰਾਗਾਂ ਦੇ ਗਿਆਨ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਪ੍ਰਚਲਿਤ ਅਨੇਕ ਰਾਗਾਂ ਵਿਚ ਵੀ ਕਲਾਤਮਿਕ ਢੰਗ ਨਾਲ ਕੀਰਤਨ ਕਰਨ ਵਿਚ ਨਿਪੁੰਨ ਹਨ।

ਗੁਰਮਤਿ ਸੰਗੀਤ ਦੀ ਉਪਜ ਭਾਵੇਂ ਭਾਰਤੀ ਸੰਗੀਤ ਤੋਂ ਹੀ ਹੈ ਪਰ ਇਸ ਦਾ ਇਕ ਆਪਣਾ ਹੀ ਵਿਸ਼ੇਸ਼ ਸਥਾਨ ਹੈ। ਇਸਦੀ ਆਪਣੀ ਇਕ ਨਵੇਕਲੀ ਹੀ ਸ਼ੈਲੀ ਹੈ ਜਿਸ ਵਿਚੋਂ ਦੂਜੀਆਂ ਗਾਇਣ ਸ਼ੈਲੀਆਂ ਦੇ ਤਕਰੀਬਨ ਸਾਰੇ ਹੀ ਪ੍ਰਚੱਲਿਤ ਅੰਗਾਂ ਦੀ ਖੁਸ਼ਬੋ ਆਉਂਦੀ ਹੈ। ਕੀਰਤਨ ਇਕ ਭਗਤੀ ਤੇ ਸ਼ਾਂਤ ਰਸ ਭਰਪੂਰ ਸ਼ਬਦ ਪ੍ਰਧਾਨ ਗਾਇਕੀ ਹੈ, ਜਿਸ ਵਿਚ ਧਰੁਪਦ ਅੰਗ ਦੀਆਂ ਲੈਅਕਾਰੀਆਂ ਜਾਂ ਖਿਆਲ ਅੰਗ ਦੀਆ ਬਾਰੀਕੀਆਂ ਅਲਾਪ, ਬੋਲ ਅਲਾਪ, ਤਾਨ, ਬੋਲ ਤਾਨ ਤੇ ਬੋਲ ਬਾਂਟ ਆਦਿ ਦੇ ਪ੍ਰਯੋਗ ਦੇ ਨਾਲ ਨਾਲ ਅਰਧ-ਸ਼ਾਸਤਰੀ ਤੇ ਸੁਗਮ ਸੰਗੀਤ ਦੀ ਝਲਕ ਵੀ ਆਉਂਦੀ ਹੈ ਪਰ ਸ਼ਬਦ ਦੀ ਪ੍ਰਧਾਨਤਾ ਕਾਇਮ

ਰਹਿੰਦੀ ਹੈ । ਸਰੋਤਾ ਬਾਣੀ ਨਾਲ ਜੁੜਿਆ ਰਹਿੰਦਾ ਹੈ ਤੇ ਅੰਮ੍ਰਿਤ ਰਸ ਹਰਿ ਕੀਰਤਨ ਨੂੰ ਪੀਂਦਾ ਹੈ ।

ਜਦੋਂ ਕੋਈ ਵਸਤੂ ਨਿਯਮਤ ਰੂਪ ਵਿਚ ਚਲ ਰਹੀ ਹੈ ਤਾਂ ਉਸਦੀ ਅਸਲ ਹੋਂਦ ਤੇ ਮਾਨ ਮਰਿਯਾਦਾ ਕਾਇਮ ਰਹਿੰਦੀ ਹੈ । ਪਰ ਅਨਿਯਮਿਤ ਤੇ ਮਰਿਯਾਦਾ ਰਹਿਤ ਹੋਣ ਨਾਲ ਉਸ ਦਾ ਵਿਗੜਿਆ ਹੋਇਆ ਰੂਪ ਅਸਲ ਰੂਪ ਨੂੰ ਧੁੰਦਲਾ ਹੀ ਨਹੀਂ ਕਰਦਾ ਸਗੋਂ ਅਨਹੋਂਦ ਵਿਚ ਬਦਲ ਦਿੰਦਾ ਹੈ । ਭਾਵੇਂ ਸਮੇਂ ਦੇ ਪਰਿਵਰਤਨ ਨਾਲ ਕੁਝ ਕੁ ਤਬਦੀਲੀਆਂ ਆਉਂਦੀਆਂ ਹੀ ਹਨ, ਪਰ ਮੁੱਢਲੇ ਸਿਧਾਂਤ ਤਾਂ ਕਾਇਮ ਰਹਿੰਦੇ ਹਨ । ਗੁਰੂ ਅਰਜਨ ਦੇਵ ਪਾਤਸ਼ਾਹ ਨੇ ਕੀਰਤਨ ਨਾਲ ਸਾਡੀਆਂ ਝੋਲੀਆਂ ਭਰ ਦਿੱਤੀਆਂ ਤੇ ਇਸ ਦਾਤ ਨਾਲ ਸਾਨੂੰ ਮਾਲਾਮਾਲ ਕਰ ਦਿੱਤਾ, ਅਸੀਂ ਅਪਣੇ ਅੰਦਰ ਝਾਤ ਮਾਰੀਐ ਕਿ ਕਿਤੇ ਅਸੀਂ ਕੰਗਾਲ ਤੇ ਸੱਖਣੇ ਹੀ ਨ ਰਹਿ ਜਾਈਐ । ਗੁਰੂ ਦੀ ਬਖਸ਼ਸ਼ ਦੁਆਰਾ ਪਰੰਪਰਾਗਤ ਕਲਾਤਮਿਕ ਢੰਗ ਦੇ ਕੀਰਤਨ ਜੋ ਸ਼ਾਂਤ ਤੇ ਭਗਤੀ ਰਸ ਦਾ ਸੋਮਾ ਹੈ, ਉਸ ਨੂੰ ਪੌਪ ਤੇ ਡਿਸਕੋ ਸੰਗੀਤ ਦੀ ਭੜਕੀਲੀ ਰੰਗਤ ਦੇ ਕੇ, ਫਿਲਮੀ ਤੇ ਲੋਕ ਗੀਤਾਂ ਦੀਆਂ ਧੁਨਾਂ ਤੇ ਸ਼ਬਦ ਗਾਇਣ ਕਰਕੇ, ਕੋਰਡਜ਼ ਦੇ ਪ੍ਰਯੋਗ ਤੇ ਦੋ-ਗਾਨਾ ਸਟਾਇਲ ਦਾ ਰੂਪ ਦੇ ਕੇ, ਸਰਗਮਾਂ ਦੀ ਵਰਤੋਂ ਕਰਕੇ, ਗੁਲਾਮ ਅਲੀ ਅੰਗ ਦਾ ਮਾਹੌਲ ਬਣਾ ਕੇ ਕੀਰਤਨ ਦੇ ਪ੍ਰੰਪਰਾਗਤ ਅਸਲ ਰੂਪ ਨੂੰ ਧੁੰਦਲਾ ਹੋਣ ਤੋਂ ਬਚਾਉਣ ਲਈ ਗੁਰੂ ਕੋਲੋਂ ਬਖਸ਼ਸ਼ ਦੀ ਜਾਂਚਨਾ ਕਰਦੇ ਰਹੀਐ ਤਾਂ ਜੋ ਬਾਣੀ ਨੂੰ ਰਾਗਾਂ ਵਿਚ ਤੇ ਸਾਜ਼ਾਂ ਨਾਲ ਗਾਇਣ ਕਰਨ ਨਾਲ ਸਾਰੀਆਂ ਤ੍ਰਿਸ਼ਨਾਵਾਂ ਮੁਕ ਸਕਣ ।

"ਧੰਨ ਸੁ ਰਾਗ ਸੁਰੰਗੜੇ ਅਲਾਪਤ ਸਭ ਤਿਖ ਜਾਇ"

ਆਖਿਰ ਵਿੱਚ ਮੈਂ ਸਨਿਮਰ ਬਿਨੈ ਕਰਦਾ ਹਾਂ ਕਿ ਜਿਨ੍ਹਾਂ ਕੀਰਤਨੀਆਂ ਨੂੰ ਗੁਰੂ ਨੇ ਅਪਾਰ ਕਿਰਪਾ ਦੁਆਰਾ ਬਹੁਤ ਪ੍ਰਸਿੱਧੀ ਬਖਸ਼ੀ ਹੈ ਤੇ ਉਹ ਬੇਅੰਤ ਸੰਗਤਾਂ ਨੂੰ ਕੀਰਤਨ ਨਾਲ ਨਿੱਤ ਜੋੜਦੇ ਹਨ, ਆਪਣੀ ਹਰ ਕੀਰਤਨ ਚਉਂਕੀ ਵਿਚ ਮੰਗਲਾਚਰਨ ਤੋਂ ਬਾਦ ਇਕ ਸ਼ਬਦ ਨਿਰਧਾਰਤ ਰਾਗ ਵਿਚ ਜਾਂ ਸਮੇਂ ਦੇ ਰਾਗ ਵਿਚ ਗਾਇਣ ਕਰਨ ਦੀ ਪ੍ਰਥਾ ਸ਼ੁਰੂ ਕਰ ਦੇਣ । ਮੁਖ ਜੱਥਿਆਂ ਦੇ ਪਹਿਲ ਕਰਨ ਨਾਲ ਦੂਜੇ ਜੱਥੇ 'ਹਮ ਪੀਛੈ ਲਾਗ ਚਲੀ' ਦੇ ਅਸੂਲ ਨੂੰ ਅਪਨਾਉਣ । ਜਿਥੇ ਇਹ ਕਦਮ ਗੁਰੂ ਦੀ ਬਖਸ਼ਸ਼ ਦਾ ਸ਼ੁਕਰਾਨਾ ਹੋਵੇਗਾ, ਸੰਗਤਾਂ ਵਿਚ ਵੀ ਇਕ ਕੀਰਤਨ ਪ੍ਰਚਾਰ ਦੀ ਨਵੀਂ ਲਹਿਰ ਜਾਗੇਗੀ ।

## ਗੀਤ

ਸੰਤਾ ਸਿੰਘ ਆਜਿਜ਼

ਮੈਂ ਲਿਖਦਾ ਸਮਿਆਂ ਦੇ ਗੀਤ ।
ਸੁਤਿਆਂ ਸਮਾਂ ਸਹਾਇਕ ਮੇਰਾ, ਵਰਤਮਾਨ ਯੁੱਗ ਮੇਰਾ ਗੀਤ । ਮੈਂ ਲਿਖਦਾ _ _ _ _ _ _

ਸਮਾਂ ਸੁਣਾਵੇ ਗੀਤ ਸੁਹਾਨੇ, ਰੁੱਤਾਂ ਦੇ ਵਿਚ ਛਿਪੇ ਤਰਾਨੇ ।
ਸੁਣ-ਸੁਣ ਕਰਵੱਟ ਲੈਣ ਜ਼ਮਾਨੇ, ਸਮਿਆਂ ਵਿਚ ਰਸਿਆ ਸੰਗੀਤ । ਮੈਂ ਲਿਖਦਾ_ _ _ _ _ _

ਭਵਿਖ ਮੇਰਾ ਮੈਨੂੰ ਕਰੇ ਇਸ਼ਾਰੇ, ਲਿਖੇ ਜੋ ਜਗ ਦਾ ਸੋਗ ਨਿਵਾਰੇ ।
ਸੁਣ ਜਿਸਨੂੰ ਦੁੱਖ ਗ਼ਮ ਦੇ ਮਾਰੇ, ਸੁੱਖਾਂ ਲਈ ਜੁਝਣ ਨਿਤਨੀਤ । ਮੈਂ ਲਿਖਦਾ_ _ _ _ _ _

ਜੱਗ ਤੇ ਛਾਏ ਗ਼ਮ ਦੇ ਸਾਏ, ਹੁੱਸੜੇ ਚਿਹਰੇ, ਮਨ ਮੁਰਝਾਏ ।
ਖੁਸ਼ੀਆਂ ਦੇ ਜੋ ਗੀਤ ਸੁਣਾਏ, ਸੋ ਗਾਇਕ ਲੈਂਦਾ ਜਗ ਜੀਤ । ਮੈਂ ਲਿਖਦਾ _ _ _ _ _ _

ਗੀਤਾਂ ਵਿਚ ਜੋ ਛਿਪੇ ਦਿਲਾਸੇ, ਮੋੜ ਲਿਆਵਣ ਰੁੱਸੜੇ ਹਾਸੇ ।
ਬਲ ਪਾਵਣ ਬਲਹੀਨ ਨਿਰਾਸ਼ੇ, ਆਸ਼ਾਵਾਂ ਨਾਲ ਜੋੜਨ ਪ੍ਰੀਤ । ਮੈਂ ਲਿਖਦਾ_ _ _ _ _ _

ਮਾਹੀਆ, ਹੀਰ ਜੇ ਸੁਣੇ ਪੰਜਾਬੀ, ਬਿਨ ਪੀਤੇ ਹੋ ਜਾਏ ਸ਼ਰਾਬੀ ।
ਗੁਰਬਾਣੀ ਜਦ ਗਾਵਣ ਰਾਗੀ, ਮਿਟੇ ਜਲਨ ਮਨ ਹੋਵੇ ਸੀਤ । ਮੈਂ ਲਿਖਦਾ_ _ _ _ _ _

ਛਿੜੀ ਰਬਾਬ ਜਦ ਮਰਦਾਨੇ ਦੀ, ਸੱਦ ਸੁਣ ਨਾਨਕ ਮਨ ਭਾਣੇ ਦੀ ।
ਮੌਲ ਉਠੀ ਜੂਹ ਨਨਕਾਣੇ ਦੀ, ਹੋ ਗਈ ਧਰਤੀ ਪਾਵਨ ਪੁਨੀਤ । ਮੈਂ ਲਿਖਦਾ_ _ _ _ _ _

ਗੀਤਾਂ ਵਿਚ ਜੀਹਦਾ ਜੀਵਨ ਢਲਿਆ, ਗੀਤਾਂ ਦੀ ਛਾਵੇਂ ਜੋ ਪਲਿਆ ।
ਗੀਤਾਂ ਨੇ ਜੀਹਦਾ ਕਣ ਕਣ ਮਲਿਆ, ਜਗ ਕਰਦਾ ਉਸਦੀ ਪ੍ਰਤੀਤ । ਮੈਂ ਲਿਖਦਾ ਹਾਂ_ _ _ _ _ _

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਗੀਤ ਪ੍ਰੇਮ

ਡਾ: ਹਰਨੇਕ ਸਿੰਘ ਕਲੇਰ

ਇਤਿਹਾਸ ਸਾਖੀ ਹੈ ਕਿ ਗੁਰੂ ਸਾਹਿਬਾਨ ਸੰਗੀਤ ਦੇ ਉਪਾਸ਼ਕ ਸਨ। ਦਸਮ ਗੁਰੂ , ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਸੰਗੀਤ ਨਾਲ ਡੂੰਘਾ ਪ੍ਰੇਮ ਰੱਖਦੇ ਸਨ। ਸੰਗੀਤ ਆਪ ਜੀ ਦੀ ਰੂਹ ਦੀ ਖੁਰਾਕ ਸੀ। ਆਪ ਨੇ ਸਾਜ਼ ਅਤੇ ਤਲਵਾਰ ਨੂੰ ਇਕ ਸਮਾਨ ਮਹਾਨਤਾ ਦਿੱਤੀ। ਜਿੱਥੇ ਆਪ ਤਲਵਾਰ ਦੇ ਧਨੀ ਸਨ, ਉੱਥੇ ਕਲਮ ਦੇ ਧਨੀ ਵੀ ਸਨ। ਆਪ ਉੱਚ-ਕੋਟੀ ਦੇ ਕਵੀ ਸਨ। ਗੁਰੂ ਜੀ ਦੀ ਸੰਪੂਰਨ ਬਾਣੀ ਰਾਗ-ਬਧ ਹੈ। ਇਸ ਵਿਚੋਂ ਆਪ ਜੀ ਦੀ ਵਿਲੱਖਣ ਸੰਗੀਤ ਸੂਝ ਦੇ ਦਰਸ਼ਨ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸ੍ਰੀ ਦਸਮ ਗਰੰਥ ਅਤੇ ਸ੍ਰੀ ਸਰਬਲੋਹ ਗਰੰਥ ਵਿੱਚ ਦਰਜ ਹੈ। ਦਸਮ ਗਰੰਥ ਸੰਗੀਤ ਦਾ ਮਹਾਨ ਸੋਮਾ ਹੈ।

ਸ੍ਰੀ ਗੁਰੂ ਗੁਬਿੰਦ ਸਿੰਘ ਗੁਰਮੁਖੀ, ਸੰਸਕ੍ਰਿਤ, ਬ੍ਰਿਜਭਾਸ਼ਾ ਅਤੇ ਫਾਰਸੀ ਦੇ ਧੁਰੰਦਰ ਵਿਦਵਾਨ ਸਨ। ਆਪ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਪੰਜ ਸਾਲਾਂ ਦੀ ਆਯੂ ਵਿੱਚ ਆਪ ਲਈ ਵਿਸ਼ੇਸ਼ ਅਧਿਆਪਕ ਨਿਯੁਕਤ ਕਰ ਦਿੱਤੇ ਸਨ। ਇਹਨਾਂ ਅਧਿਆਪਕਾਂ ਵਿਚ ਪੰਡਿਤ ਹਰਜਸ-ਸੰਸਕ੍ਰਿਤ, ਸਤੀ ਦਾਸ-ਫਾਰਸੀ ਅਤੇ ਭਾਈ ਸਾਹਿਬ ਚੰਦ-ਗੁਰਮੁਖੀ ਪੜ੍ਹਾਉਂਦੇ ਸਨ। ਅਜਿਹੇ ਸੁਯੋਗ ਸਿੱਖਿਆ ਸ਼ਾਸਤ੍ਰੀਆਂ ਦੀ ਨਿਗਰਾਨੀ ਵਿੱਚ ਆਪ ਪੰਦਰ੍ਹਾਂ ਸਾਲ ਦੀ ਉਮਰ ਤੱਕ ਭਾਰਤੀ ਧਰਮ ਅਤੇ ਸਾਹਿਤ ਦਾ ਗਹਨ ਅਧਿਐਨ ਕਰਦੇ ਰਹੇ। ਭਾਰਤੀ ਧਰਮ-ਸਾਹਿਤ ਦੀ ਅਮੀਰੀ ਨੂੰ ਵਾਚਦਿਆਂ ਹੋਇਆਂ ਹੀ ਆਪ ਨੇ ਪੰਜ-ਪੰਜ ਸਿੱਖਾਂ ਨੂੰ ਵਿੱਦਿਆ ਪ੍ਰਾਪਤੀ ਲਈ ਬਨਾਰਸ ਭੇਜਿਆ। ਸ੍ਰੀ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਨੂੰ ਧਰਮ, ਸੰਸਕ੍ਰਿਤੀ ਅਤੇ ਸਭਿਆਚਾਰ ਦਾ ਮਹਾਨ ਕੇਂਦਰ ਬਣਾਉਣਾ ਲੋਚਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਛੋਟੀ ਉਮਰ ਪਾਈ ਅਤੇ ਅਮਰ ਪਦ ਨੂੰ ਪ੍ਰਾਪਤ ਹੋਏ। ਆਪ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਪੂਰਨ ਅਨਿਆਈ ਸਨ। ਆਪ ਨੂੰ ਕਲਮ ਅਤੇ ਸੰਗੀਤ ਦੀ ਸ਼ਕਤੀ ਦਾ ਪੂਰਾ ਗਿਆਨ ਸੀ। ਆਪ ਜੀ ਦੇ ਸਨਮੁਖ ਭਾਰਤ ਦੀ ਸ਼ਾਸ਼ਤ੍ਰੀ ਅਤੇ ਲੋਕ ਸੰਗੀਤ ਪੱਧਤੀ ਮੌਜੂਦ ਸੀ। ਇਸ ਤੋਂ ਬਿਨਾਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ "ਹਉ ਢਾਡੀ ਕਾ ਨੀਚ ਜਾਤ" ਅਤੇ "ਨਾਨਕ ਸਾਇਰ ਏਵ ਕਹਿਤ ਹੈ" ਵੀ ਆਪ ਦੇ ਮਨ ਅੰਤਰ ਵਿਚ ਵਸਦਾ ਸੀ। ਗੁਰੂ ਸਾਹਿਬ ਨੇ ਜਨ ਸਧਾਰਨ ਤੱਕ ਅਧਿਆਤਮਿਕ ਉਪਦੇਸ਼ ਪਹੁੰਚਾਉਣ ਦਾ ਵਸੀਲਾ ਕੀਰਤਨ ਨੂੰ ਹੀ ਬਣਾਇਆ। ਇਹ ਸਿੱਧ ਸੀ ਕਿ ਸੰਗੀਤ ਮਾਨਵ ਮਨ ਨੂੰ ਝੰਜੋੜਦਾ ਹੈ। ਮਾਨਵ ਮਨ ਉੱਤੇ ਸੰਗੀਤ ਦਾ ਸਥਾਈ ਅਸਰ ਹੁੰਦਾ ਹੈ। ਇਸ ਲਈ ਗੁਰੂ ਸਾਹਿਬ ਨੇ ਰਣਜੀਤ ਨਗਾਰਾ ਬਣਵਾਇਆ। ਇਸ ਦੇ ਸੁਰ-ਤਾਲ ਵਿੱਚ ਸੂਰਬੀਰਾਂ ਨੇ ਤਲਵਾਰ ਚਲਾ ਕੇ, ਹਮੇਸ਼ਾਂ ਵੈਰੀ ਦਲਾਂ ਉਤੇ ਵਿਜੈ ਪਾਈ।

ਗੁਰੂ ਗੋਬਿੰਦ ਸਿੰਘ ਜੀ ਦਾ ਅਥਾਹ ਸੰਗੀਤ ਪ੍ਰੇਮ ਇਸ ਗੱਲ ਤੋਂ ਉਜਾਗਰ ਹੁੰਦਾ ਹੈ ਕਿ ਜੰਗ ਦੇ ਸਮੇਂ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਸਿੰਘ ਸਵੇਰ ਵੇਲੇ ਸ਼ਬਦ ਚੌਂਕੀ ਲਾ ਕੇ ਆਸਾ ਜੀ ਦੀ ਵਾਰ ਪੜ੍ਹਦੇ ਅਤੇ ਸ਼ਾਮ ਨੂੰ ਗੁਰੂ ਜੀ ਦੀਵਾਨ ਸਜਾਉਂਦੇ। ਬਾਣੀ ਬੋਲਦੇ, ਉਪਦੇਸ਼ ਕਰਦੇ ਸਨ। ਗੁਰੂ ਜੀ ਨੇ ਗੁਰੂ ਘਰ ਦੀ ਕੀਰਤਨ ਪਰੰਪਰਾ ਵਿੱਚ ਵਾਧਾ ਬੀਰ-ਰਸਾ ਵਾਂਰਾਂ ਦੇ ਗਾਇਨ ਨਾਲ ਕੀਤਾ। ਆਪ ਨੇ "ਚਾਡੀ ਚਰਿਤਰ" ਵਰਗੀਆਂ ਬੀਰ ਰਸ ਨਾਲ ਭਰਪੂਰ ਵਾਂਰ ਦੀ ਰਚਨਾ ਕੀਤੀ ਜੋ ਆਪ ਜੀ ਦੇ ਦਰਬਾਰ ਵਿੱਚ ਢਾਡੀਆਂ ਵੱਲੋਂ ਗਾਈ ਜਾਂਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਦਸਮ ਗਰੰਥ" ਵਿੱਚ ਪੰਦਰਾਂ ਬਾਣੀਆ, ਕ੍ਰਮਵਾਰ, ਜਾਪ ਸਾਹਿਬ, ਅਕਾਲ ਉਸਤਤਿ, ਬਚਿਤਰ ਨਾਟਕ, (ਆਪਣੀ ਕਥਾ) ਚੰਡੀ ਚਰਿਤਰ, ਵਾਰ ਸ੍ਰੀ ਭਗਉਤੀ ਜੀ ਕੀ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਸਵੈਯੇ, ਖਾਲਸਾ ਮਹਿਮਾਂ, ਅਤੇ ਹਦਾਇਤਾਂ ਦਰਜ ਹਨ। ਇਹ ਸਾਰੀ ਬਾਣੀ ਰਾਗ-ਬਧ ਹੈ। ਇਹ ਰਾਗ ਹਨ : ਸ੍ਰੀ ਰਾਗ, ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵ-ਗੰਧਾਰੀ, ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਮਾਝ, ਆਸਾ, ਆਸਾਵਰੀ, ਬਿਹਾਗੜਾ, ਮਾਰੂ, ਕਲਿਆਣ, ਪਰਜੇ, ਸੋਰਠ, ਜੈਤਸਰੀ, ਨਟ-ਨਰਾਇਣ, ਗੋਂਡ, ਮਾਲਕੌਂਸ ਆਦਿ।

ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਬਾਣੀ ਦਾ ਅਧਿਐਨ ਸਪੱਸ਼ਟ ਕਰਦਾ ਹੈ ਕਿ ਇਸ ਵਿੱਚ ਰਾਗ, ਛੰਦ ਅਤੇ ਵਾਦਨ ਨੂੰ ਇਕ ਸਮਾਨ ਮਹਾਨਤਾ ਦਿੱਤੀ ਗਈ ਹੈ। ਜਿੱਥੇ ਆਪ ਅਕਾਲਪੁਰਖ ਦੀ ਉਸਤਤ ਕਰਦੇ ਸਨ ਉੱਥੇ ਸੰਗੀਤ, ਨ੍ਰਿਤ-ਕਲਾ ਅਤੇ ਸਾਜ਼ ਨੂੰ ਵੀ ਵਡਿਆਈ ਦਿੰਦੇ ਹਨ। ਆਪ ਦੀ ਛੰਦ ਉੱਤੇ ਪੂਰੀ ਪਕੜ ਹੈ। ਤਾਲ ਅਤੇ ਮਾਤਰਾਵਾਂ ਬੰਨਣ ਵਿੱਚ ਆਪ ਪੂਰੀ ਤਰ੍ਹਾਂ ਪ੍ਰਵੀਨ ਸਨ। ਭਾਵੇਂ ਕਿ ਜੰਗਾਂ ਵਿੱਚ ਰੁੱਝੇ ਰਹਿਣ ਕਾਰਨ ਆਪ ਸੰਗੀਤ ਨੂੰ ਪੂਰਾ ਸਮਾਂ ਨਹੀਂ ਦੇ ਸਕੇ ਫਿਰ ਵੀ ਆਪ ਗੁਰੂ-ਘਰ ਦੀ ਕੀਰਤਨ ਪਰੰਪਰਾਂ ਵਿੱਚ ਸਾਜ਼, ਤਾਊਸ, ਤਾਨਪੂਰਾ, ਪਖਾਵਜ, ਤਬਲਾ, ਮਿਰਦੰਗ, ਰਬਾਬ ਆਦਿ

ਦੀ ਵਰਤੋਂ ਕਰਦੇ ਸਨ। ਜਿਵੇਂ :

"ਢੋਲ ਮ੍ਰਿਦੰਗ ਸੁਰੰਗ ਉਪਗਨ ਬੇਨੁ, ਬਾਸੁੰਰੀ, ਬੀਨ ਤਰੰਗਨਾ ਤਾਲ ਕਰਤਾਲ ਰਬਾਬ, ਤਾਨਪੁਰਾ ਮੁਰਜ ਮੁਰਲੀ ਸਾਬਾ।"

ਗੁਰੂ ਗੋਬਿੰਦ ਸਿੰਘ ਜੀ ਨੂੰ ਸਮੇਂ ਦੀ ਲੋੜ ਅਤੇ ਪ੍ਰਸਥਿਤੀ ਅਨੁਸਾਰ ਬਹੁਤ ਯੁੱਧ ਕਰਨੇ ਪਏ। ਭਾਰਤ ਧਰਮ, ਸੰਸਕ੍ਰਿਤੀ ਸਭਿਆਚਾਰ ਅਤੇ ਸਮਾਜ ਦੀ ਸਥਿਤੀ ਵਿਚਾਰ ਕੇ ਆਪ ਨੇ "ਖਾਲਸਾ ਪੰਥ" ਦੀ ਸਾਜਨਾ ਕੀਤੀ। ਸਮਾਜ ਨੂੰ ਨਵੀਨ ਸੰਸਕ੍ਰਿਤੀ ਤੇ ਸਭਿਆਚਾਰ ਪ੍ਰਦਾਨ ਕੀਤਾ। ਇਸ ਪ੍ਰਥਾਈ ਹੀ ਬਾਣੀ ਰਚੀ। ਇਹ ਬਾਣੀ ਮਾਨਵ ਨੂੰ ਸੁਘੜ ਜੀਵਨ ਦੀ ਸੇਧ ਪ੍ਰਦਾਨ ਕਰਦੀ ਹੈ। ਇਸ ਕਾਵਿ ਸਰੂਪ ਵਿੱਚ ਖਾਲਸੇ ਦੀ ਪੂਰਨ ਚੜ੍ਹਤ ਸੀ। ਗੁਰੂ ਗੋਬਿੰਦ ਸਿੰਘ ਜੀ ਸਪੱਸ਼ਟ ਲਿਖਦੇ ਹਨ ਕਿ ਉਹਨਾਂ ਤੋਂ ਇਹ ਕਾਰਜ ਅਕਾਲ ਪੁਰਖ ਨੇ ਆਪ ਹੀ ਕਰਵਾਇਆ। ਹਿੰਦੂ ਕੌਮ ਗਿਆਰ੍ਹਵੀਂ ਸਦੀ ਤੋਂ ਲਗਾਤਾਰ ਤਲਵਾਰ ਦੇ ਸਾਏ ਹੇਠ ਜਿਉਂ ਰਹੀ ਸੀ ਅਤੇ ਮਿਟਦੀ ਮਿਟਦੀ ਖਾਕ ਸਮਾਨ ਹੋ ਗਈ ਸੀ। ਗੁਰੂ ਨਾਨਕ ਦੇਵ ਨੇ ਇਸ ਵਿੱਚ ਨਾਮ ਦਾ ਹਲ ਚਲਾਉਣਾ ਸ਼ੁਰੂ ਕੀਤਾ ਮਿਟੀ ਤਿਆਰ ਦੇਖ ਕੇ ਦਸਮ ਗੁਰੂ ਨੇ ਸਿੱਖ ਧਰਮ ਦਾ ਬੀਜ ਬੀਜਿਆ। ਗੁਰੂ ਸਾਹਿਬ ਕਥਨ ਕਰਦੇ ਹਨ :

*ਹਮ ਇਹ ਕਾਜ ਜਗਤ ਮੋ ਆਏ*
*ਧਰਮ ਹੇਤ ਗੁਰਦੇਵ ਪਠਾਏ*
*ਜਹਾਂ ਤਹਾਂ ਤੁਮ ਧਰਮ ਬਿਥਾਰੋ*
*ਦੁਸ਼ਟ ਦੋਖੀਅਨ ਪਕਰ ਪਛਾਰੋ*
*ਯਾਹੀ ਕਾਜ ਧਰਾ ਹਮ ਜਨਮੰ*
*ਸਮਝ ਲੇਊ ਸਾਧੂ ਸਭ ਮਨਮੰ*

ਗੁਰੂ ਗੋਬਿੰਦ ਸਿੰਘ ਰਚਿਤ " ਸ੍ਰੀ ਸਰਬ ਲੋਹ ਗਰੰਥ" ਵਿੱਚ ਲਗ-ਭਗ 150 ਰਾਗਾਂ ਦੀ ਵਰਤੋਂ ਹੋਈ ਹੈ। ਇਸ ਵਿੱਚ ਬਹੁਤੇ ਰਾਗ ਨਵੀਨ ਹਨ ਜਿਨ੍ਹਾਂ ਦੀ ਵਰਤੋਂ ਗੁਰੂ ਗਰੰਥ ਸਾਹਿਬ ਵਿੱਚ ਨਹੀਂ ਹੋਈ। ਇਉਂ ਆਪ ਨੇ ਭਾਰਤੀ ਸੰਗੀਤ ਪੱਧਤੀ ਨੂੰ ਨਵੀਨ ਅਤੇ ਵਿਸ਼ਾਲ ਅਰਥ ਪਰਦਾਨ ਕੀਤੇ। ਆਪ ਨੇ ਖਿਆਲ ਗਾਇਨ ਸ਼ੈਲੀ ਦਾ ਮੁੱਢ ਬੰਨ੍ਹਿਆ। ਵਿਦਵਾਨ ਕਥਨ ਕਰਦੇ ਹਨ ਕਿ ਖਿਆਲ ਗਾਇਨ ਸ਼ੈਲੀ, ਆਪ ਦੀ ਸੰਗੀਤ ਨੂੰ ਮੌਲਿਕ ਦੇਣ ਹੈ। ਖਿਆਲ ਸ਼ਬਦ ਹੈ :

" ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਣਾ ॥

*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗੁ ਕਸਾਈਆਂ ਦਾ ਸਹਿਣਾ ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ*
*ਭੱਠ ਖੇੜਿਆਂ ਦਾ ਰਹਣਾ ॥3॥"*

*ਦਸਮ ਗਰੰਥ ਪੰਨਾ 311*

ਇਹ ਖਿਆਲ ਕਿਸੇ ਸੰਤ ਫ਼ਕੀਰ ਦੀ ਰੂਹ ਵਿੱਚੋ ਆਈ ਅਵਾਜ਼ ਹੈ। ਇਸ ਸ਼ਬਦ ਦੀ ਰਚਨਾ ਸਮੇਂ ਆਪ ਪ੍ਰਭੂ ਦੇ ਸਨਮੁਖ ਸਨ। ਇਕੱਲੇ ਸਨ ਧਰਮ ਹੇਤ ਸਰਵੰਸ ਵਾਰ ਕੇ ਪ੍ਰਭੂ ਸੰਗ ਜੁੜ ਚੁੱਕੇ ਸਨ। ਇਸ ਲਈ ਆਪ ਨੇ ਸਾਜ਼ ਅਤੇ ਤਲਵਾਰ ਨੂੰ ਆਪਣਾ ਪੀਰ ਕਹਿ ਕੇ ਸਨਮਾਨਿਆ ਸੀ

*ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ॥3॥*
*ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਲਵਾਰ ॥*
*ਨਾਮ ਤਿਹਾਰੋ ਜੋ ਜਪੈ, ਭਯੋ ਸਿੰਘ ਭਵ ਪਾਰ ॥*

*ਦਸਮ ਗਰੰਥ ਪੰਨਾ 317*

ਗੁਰੂ ਗੋਬਿੰਦ ਸਿੰਘ ਜੀ ਦੀ ਉਚੇਰੀ ਰਾਗ ਪ੍ਰਤਿਭਾ ਆਪ ਦੀ ਸਮੁਚੀ ਬਾਣੀ ਵਿੱਚ ਝਲਕਦੀ ਹੈ। ਆਪ ਮਾਨਵਤਾ ਪ੍ਰੇਮੀ ਸਨ। ਸਮੁੱਚੀ ਮਾਨਵਤਾ ਨੂੰ ਇਕ ਸਮਾਨ ਦਰਜਾ ਦਿਵਾਉਣ ਲਈ ਆਪ ਨੇ ਜ਼ਾਲਮਾਂ ਨਾਲ ਯੁਧ ਲੜੇ। ਆਪ ਨੇ ਮਾਨਵ ਅੰਦਰ ਛੁਪੀ ਸ਼ਕਤੀ ਨੂੰ ਚੰਡੀ ਰੂਪ ਵਿੱਚ ਵੰਗਾਰਿਆ। ਆਪ ਨੇ ਰਣ ਭੂਮੀ ਵਿੱਚ ਖੜਕਦੀ ਤਲਵਾਰ ਵਿਚੋਂ ਵੀ ਸੰਗੀਤ ਸੁਣਿਆ ਜਾਪਦਾ ਹੈ। ਆਪਦੀ ਬਾਣੀ ਰਣਜੀਤ ਨਗਾਰੇ ਦੀ ਚੋਟ ਉੱਤੇ ਹੀ ਤਾਲ-ਬਧ ਕੀਤੀ ਗਈ। ਇਸ ਲਈ ਗੁਰੂ ਜੀ ਨੇ ਕਲਮ ਤੇ ਨਾਦ ਨੂੰ ਬੰਦਨਾ ਕੀਤੀ ਹੈ।

*ਨਮੋ ਕ੍ਰਿਤ ਕ੍ਰਿਤੋ, ਨਮੋ ਤਾਨ ਤਾਨੇ ॥*
*ਨਮੋ ਕ੍ਰਿਤ ਕ੍ਰਿਤੋ, ਨਮੋ ਨਾਦ ਨਾਦੇ ॥*

ਆਪ ਦਾ ਜੀਵਨ ਇਕ ਮਹਾਂ-ਸੂਰਬੀਰ. ਜੋਧੇ ਬਲਕਾਰੀ ਦੀ ਗਾਥਾ ਹੈ। ਇਸ ਲਈ ਆਪ ਨੇ ਸੰਤ-ਸਿਪਾਹੀ ਦਾ ਰੁਤਬਾ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਛੋਟੇ ਪਰ ਆਪਣੇ ਮਹਾਨ ਜੀਵਨ ਕਾਲ ਵਿੱਚ ਸੰਗੀਤ-ਕਲਾ ਨੂੰ ਵੱਡਮੁਲੀਆਂ ਦਾਤਾ ਦੀ ਬਖਸ਼ਿਸ਼ ਕੀਤੀ।


## 'ਅੰਮ੍ਰਿਤ ਕੀਰਤਨ'

**ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ**

# *KIRTAN* : SIKH DEVOTIONAL MUSIC THE CONTRIBUTION OF RAGIS AND RABABIS

Ajit Singh Paintal*

In the medieval period, the history of music is rather dismal. Islam's opposition to music in the religious context is a well-known fact. But one wonders why music lost its direct contact with the general mass of people in the Indian society as a means of singing the glory of the Lord. In this period, the religious and devotional element in music had been quite neglected but, as art and science, music not only survived but also made progress in many respects because of the generous patronage extended to the musicians by some Muslim rulers. The zeal and devotion of the professional practitioners and the outstanding women musicians and also courtesans who had specialised in music, after thorough training, also contributed a large share to the progress and preservation of music in some form or other. These were, in a measure, the consolidating forces of music who sustained its tradition through many vicissitudes. Every discriminating and discerning lover and student of music with a historical sense, would appreciate such a development in the history of Hindustani classical music. In Punjab, the Sikh religion lent its wamest support to Hindustani music, and removing it from its all too secular context, put the greatest emphasis on its devotional aspect, thereby evolving a special variety of devotional music whose tradition has remained uninterrupted to this day.

The founder of Sikh religion, Guru Nanak, and six of the succeeding Sikh Gurus, were regarded as devoted composers. As true devotees, they too, like the Vaishnava and Sufi saints, composed innumerable devotional compositions known as *Shabads*. The idea of the Gurus was to compose musical verses for singing and asserting their spirituality at a high level. For them, music was one of the means of salvation. Out of great respect for the art of music, they propagated its cause.

Amritsar has had a rich and varied tradition of music since the day of the Gurus. In this city the original purpose of classical Indian music was never lost sight of. The classical music of India has always envisaged and embodied the soul's effort to transcend itself and find assimilation with the blissful source of all light and knowledge. This divine aspect was forgotten when music went to the Mughal Court. In Sikh *kirtan*, however, the celestial bearings of music were not only retained but further embellished. Amritsar has remained the seat of great musicians and musicologists, who, while continuing the tradition, were bold enough to make various innovations not only in the manner and choice of playing instruments but also in the styles of singing. We have inherited a treasure-house of *shabad-reetis* which need to be cherished and must not be sacrificed for the sake of cheap popularity, as

* *Prof. Department of Music and Fine Arts, Delhi University*

***With thanks from :***
**The Sikh Review Nov. 1997**

seems to be the unfortunate trend now.

We must assiduously keep our rich legacy alive. The purpose of my Paper is to make people aware of our heritage which has always found a rich soil to grow in Amritsar. Thus the Sikh sacred music has a long tradition dating from the time of Guru Nanak when he composed his *Shabads* in the various *Ragas*, which was followed by the successor Sikh Gurus. Composing *Shabads* in the *Ragas* was need of the time. As all the Sikh Gurus were well versed in music and knew the great importance of music, new *kirtan* tradition was born in the form of Sikh devotional music.

***LIFE-SKETCHES OF SOME FAMOUS SIKH RAGIS OF AMRITSAR :***

Here an introduction to some of the Sikh Ragis of the 18th and 19th centuriees, as also of the present-day, both vocalists and instrumentalists, is being provided-in alphabetical order :

## *Vocalists :*

***Mahant Kapoor Singh :*** He belonged to the village Kairon, Dist. Amritsar, and used to stay at Bunga Darbar Sahib *(Parkarma)*. He was a blind man and performed *kirtan* at Darbar Sahib while playing upon the *Sarinda*. He was a disciple of Sant Misra Singh of Amritsar. He earned fame during the first quarter of the present century.

***Bhai Labh Singh and Bhai Makhan Singh :*** Among all the blind *kirtaniyas* of the first quarter of this century, the *jatha* of Makhan Singh and Labh Singh earned a great fame. Makhan Singh was a Nirmala Sant. He was employed in the Darbar Sahib, Amritsar, and performed, the Kirtan of *Asa-di-Var* continuously for full fiftyfive years. He is the first individual who has rendered such a long service of performing the *kirtan* of *Asa-di-Var* at Darbar Sahib. It is said that during his service period he seldom took leave. In the evening he recited *kirtan* before the *Akal Takht*. He performed *kirtan* in the traditional style and never used the Harmonium.

***Master Prem Singh :*** *Bhai Prem Singh attained great fame as an outstanding poet, kirtaniya,* and musicologist during the first quarter of this century. In the beginning he was a court *kirtaniya* and a poet in the Patiala Darbar, and later when he settled in Amritsar, he was appointed a *Hazoori Ragi* at Darbar Sahib. He regularly performed the *kirtan of Bilawal-ki-Chowki* between 10.30 am and 12.30 pm. And again at the Akal Takht in the evening. It is said that he claimed his birth from the family of the Ragis whose ancestors performed *kirtan* during the time of Guru Ajran Dev. Bhai Prem Singh was well-versed in both *kirtan* and the theory of music. He was one of those Ragis who have greatly contributed to the cause of Sikh devotional music. In 1915 he wrote a book named *Ratan Sangeet Bhandar* which was published in 1922. It contains the notations of nine *Vars* and all *Ragas found in the Guru Granth Sahib,* together with *Shabads* in each Raga. Throughout his life he mostly lived at Amritsar where he passed away at the ripe age of eighty years. He had an impressive personality and was a kindhearted man.

***Baba Shyam Singh:*** He was a Sant and established a *Dera* known as Shyam Singh da Dera in Atta Manda, Amritsar. He belonged to the older generation of saints who performed *kirtan* for the sake of propagating their religion and not for earning money. He performed *kirtan* in the Darbar Sahib for seventy years. It is the longest period of service ever done by any Ragi in the history of the Sikh *kirtan*.

***Bhat Sunder Singh Atta Mandi :*** He occupies a place of prime importance amongest Sikh *kirtaniyas* of the first quarter of the twentieth century. He was a contemporary of Bhai Sher Singh. He learnt *kirtan* form the famous *Rababi*, Bhai Moti, and classical music from Ustad Illahi Buksh of Amritsar. Thus, his exposition of kirtan was marked by the dhrupad and khyal styles. His kirtan style was marked with various usages of Tanas and the Murkis. Besides kirtan, he also particupated in secular music concerts and used to sing Hindustani Khyals. He was equally skilled in playing upon the Dilruba and various other instruments. He was employed as the Head Ragi in the Golden temple sometime in 1932. In 1938, when Rabindra Nath Tagore visited Darbar Sahib he was so much impressed by Sunder Singh's kirtan style that he wanted to take him along with him to Shantiniketan. But Bhai Sunder Singh declined to leave Amritsar.

***Prof. Sunder Singh :*** Having adopted the *kirtan* teaching as profession for many years he became famous by the name of Professor Sunder Singh. He also belonged to Amritsar and was regarded as one of the famous Ragis of his time. He was the first Ragi in the Sikh community, who wrote a book on the Sikh devotional music, entitled *Gurmat -Sangeet* in 1931, which is not available now. He also worked as a music teacher in the Central Khalsa Yateemkhana. For sometime he was employed as s musician in the court of Maharaja Pratap Singh of Jammu. He expired in Amritsar some time in 1942.

***Prof. Uttam Singh :*** The Sikh community has produced few *kirtan* teachers of the calibre of Bhai Uttam Singh. He belonged to Amritsar and was nephew of Bhai Mehtab Singh. He had his *kirtan* training from Ustad Bhai Gurmukh Singh. He was employed in the Central Khalsa Yateemkhana between 1905 and 1920 and produced a number of disciples, who either adopted *kirtan* or Hindustani music as their profession. Pt. Dilip Chandra Vedi is one of his foremost disciples who earned great reputation in the domain of Hindustani classical music during the second quarter of this century. From Amritsar Bai Uttam Singh also used to go Pracharak Vidyalaya, Tarn Taran. He had a collection of innumerable traditional *Shabad-Reets* as well as Hindustani *Dhrupad* and *Khyal* compositions in his repertoire. He passed away in Amritsar in 1928.

There were so many famous Ragis living in other parts of Punjab during the period under review that their services to the sikh devotional music cannot be ignored. Amritsar being the centre of learning *kirtan*, many ragis having learnt *kirtan* either from the Rababis or the Ragis, kept on visiting Amritsar and performed *kirtan* at Darbar Sahib on many occasions. Some such famous Ragis who did not belong to Amritsar but stayed there for sometime or later settled in other parts of the country are as follows :

***Bhai Jwala Singh :*** he was considered as one of the greatest *kirtaniyas* of the latter half of the 19th century and was also regarded as an authority on the Sikh devotional music. He was born in village Saidpur (Thatta-Tibba), District Kapurthala in the year 1876. He performed kirtain for sixty years and during his *kirtan* bookings never asked for money; whatever was given to him he gladly accepted. In 1944, he presided over the first Gurmat Sangeet Conference held at Amritsar, in which all the foremost Ragis and Rababis participated. Bhai

Jwala Singh had three sons. Among them the first two, Bhai Gurcharan Singh and Bhai Autar Singh, adopted the kirtan profession and are at present working at Sisganj Gurdwara, Delhi.

***Bhai Puran Singh :*** He was one of the most famous Ragis of Taran Taran of the present century. He had the privilege of performing kirtan before Rabindra Nath Tagore during the latter's visit to Darbar Sahib, Amritsar in 1938. He also participated in a number of kirtan competitions. He was believed to be the first Ragi of the recent times who had recorded as many as twelve discs of Shabad-Kirtan from Jienophone Record Company, Lahore in 1935. He passed away in Tarn Taran in December, 1969.

***Bhai Ranjodh Singh and Bhai Mahan Singh :*** Both the brothers were popularly known as Nankana Sahib Wale. They were sons of Bhai Mehtab Singh who claimed his birth from the Rababi family of Bhai Mardana. His grandfather, Bhai Shahmir belonged to village Kairon, District Amritsar, and was a kirtaniya in the court of Maharaja Ranjit Singh. In 1916 Ranjodh Singh joined his service at Darbar Sahib. Taran Taran, and also worked in the capacity of a kirtan teacher in the Khalsa Pracharak Vidyalaya for two years. Then he worked as Head Ragi in the Darbar Sahib, Amritsar, for one year. In 1919 he went to Nankana Sahib where he remained for eight years.

The Jatha of Bhai Ranjodh Singh's three sons was popularly known as Jassa-Palla, which earned great fame during the second quarter of this century. His three sons, Pal Singh, Jaswant Singh and Gulzar Singh, were born in Nankana Sahib. In 1935 the three brothers formed their independent Jatha and they used to come to Amritsrar to participate in the Guru Ram Das Rag Darbar. Once they were awarded the first prize of Rs. 101 when they rendered a Shabad in Sri Raga. Form 1937 to 1939 they worked at Darbar Sahib with their uncle, Bhai Mahan Singh.

***Bhai Samund Singh :*** He is regarded as one of those Ragis who have dominated the field of kirtan for more than half a century. He is considered as one of the greatest Ragis of the present century. He belonged to the family of traditional Sikh kirtaniyas, who had been doing kirtan for more than one and a half century in Nankana Sahib. During his childhood, his father used to take him to his kirtan performances, and also to Amritsar, to listen to the kirtan of various Rababis, i.e., Bhai Moti, Bhai Atra, Bhai Wadhava, Bhai Sain Dita, Bhai Lal, Bhai Arura and Bhai Bura, Bhai Inayat, etc. His maiden kirtan performance was rendered in the Sikh Educational Conference in 1910, where he was honoured and awarded a gold medal and a gold Mohar, He took part in almost all the Sikh conferences held between 1911 and 1947 and was awarded many prizes. After partition he came to Amritsar and performed kirtan independently till June 1949. Later, he went to Ludhiana and remained there till his demise in 1973.

***Bhai Santa Singh :*** He was born in village Dubali, Dist. Amritsar in 1913. His father, Sardar Dayal Singh also used to perform kirtan while playing upon the Dholki at Dera Sant Nihal Singh. He had four sons, Jabarjang Singh, Santa Singh, Swaran Singh and Shamsher Singh. In 1924 both Jabarjang Singh and Santa Singh got admitted in the Central Khalsa Yateemkhana, Amritsar, and learnt kirtan from Master Sain Ditta for six years.

In the beginning they performed kirtan at Baba Atal Sahib, but when Bhai Surjan Singh joined them, their kirtan became more impressive having considerable mass appeal. Later they were transferred to Darbar Sahib and were permanently appointed in 1933. They worked in the Darbar Sahib for fourteen years. In 1943, when Bhai Surjan Singh left this jatha, Bhai Santa Singh trained his two younger brothers, Bhai Swaran Singh and Bhai Shamsher Singh, and included them in his jatha. In 1953 he was appointed as Head Ragi in Gurdwara Sisganj, Delhi. from then onwards he performed kirtan in Delhi. He passed away on account of heart failure near Surat on November 16, 1966, while travelling in a train from Bombay to Delhi.

Bhai Santa Singh was one of the great Ragis of the recent times who have done so much to propagate the cause of kirtan in the Sikh community. It was he under whose presidentship the Khalsa Ragi Sabha was formed in Amritsar in 1944, and the first Gurmat Sangeet Conference was held at Guru-ka-Bagh under the chairmanship of Baba Jwala Singh. One of the foremost Ragis of our times, Bhai Santa Singh, toured the whole of India. He was regarded as the best performer of the kirtan of Asa-di-Var. Following the modern trend, he also resorted to techniques involving innovations of his own. He was well-versed in the classical style of performing kirtan. He did not confine himself to the sphere of kirtan alone but regularly attended as a listener of various Hindustani music concerts. He was highly respected in the Sikh community.

***Bhai Sher Singh :*** He was famous as the Gujranwalia, because he lived there throughout his life. In Sikh kirtan history his name has become immortal. It is said that the Sikh community has yet to produce a kirtanist-cum-musician of his calibre. He surpassed all other Ragis of his days and even the Rababis acknowledged his supremacy. He earned a name during the first quarter of this century. He learnt kirtan from Bhai Nidhan Singh of Gujranwala, who was a disciple of Baba Sarda Singh of Sekhawan Taksal. He had his independent jatha consisting of his three brothers. Bhai Pratap Singh accompanied him on the Manjira and used to do katha (discourses). Bhai Gulab Singh accompanied him on the Harmonium and youngest brother Bhai Sunder Singh on the Tabla. He also used the Tanpura in Kirtan. He had a very attractive and subtle voice which could move about within the three octaves with ease. He was one of the few Ragis who could make his audience spellbound within no time. His kirtan performances used to leave an everlasting effect on the audience. He was respected even by the Mirasis and singing and nautch girls for his singing style. He had such a dynamic personality that it is said that whenever he used to visit Lahore and Amritsar, the nautch girls used to come out of their homes to have a look at him.

Among the present-day Ragis who on many occasions have been performing kirtan at Darbar Sahib, Amritsar, the names of the following are worth mentioning : Bhai Balbir Singh, Bhai Bachittar Singh, Bhai Bakshish Singh, Bhai Dharam Singh Zakhmi, Bhai Pratap Singh (of Delhi), Bhai Santa Singh Chamak, etc.

# ਇਕ ਆਸਟ੍ਰੇਲੀਅਨ ਨਾਲ ਇੱਕ ਦਿਨ

ਜਾਗੀਰ ਸਿੰਘ
(ਡਾ.)

ਹੁਣ ਤੱਕ ਗਿਆਰਾਂ-ਬਾਰਾਂ ਬਾਹਰਲੇ ਮੁਲਕਾਂ ਦੀ ਯਾਤਰਾ ਕਰ ਚੁੱਕਾ ਹਾਂ, ਪਰ ਇਹਨਾਂ ਥਾਂਵਾਂ ਤੇ ਮੇਰੀ ਬਹੁਤੀ ਗੱਲਬਾਤ ਭਾਰਤੀਆਂ ਨਾਲ ਹੀ ਹੁੰਦੀ ਰਹੀ । ਵਿਦੇਸ਼ੀਆਂ ਵਿਚੋਂ ਜੇ ਮੈ ਬਹੁਤੀ ਗੱਲ-ਬਾਤ ਕਿਸੇ ਨਾਲ ਕੀਤੀ ਤਾਂ ਉਹਨਾਂ ਵਿਚੋ ਇਕ ਹੈ ਨਿਊਜਰਸੀ-ਅਮਰੀਕਾ ਵਿੱਚ ਰਹਿੰਦੇ ਮੇਰੇ ਮਿੱਤਰ ਅਰਜੀਤ ਸਿੰਘ ਮਾਹਲ ਦੀ ਪਤਨੀ ਮਿੱਲੀ। ਉਹ ਖੁਦ ਵੀ ਇਟਾਲੀਅਨ ਹੈ। ਉਸ ਨਾਲ ਮੇਰੀ ਬਹੁਤੀ ਗੱਲ 1985 ਵਿੱਚ ਹੋਈ। ਉਦੋ ਮੈਂ ਉਸ ਉੱਤੇ ਭਾਰਤੀ ਰਿਸ਼ਤੇਦਾਰਾਂ ਦੇ ਪ੍ਰਭਾਵ ਬਾਰੇ ਜਾਣਨਾ ਚਾਹਿਆ। ਉਸ ਵਿੱਚ ਮੈਨੂੰ ਭਾਰਤੀ ਨੂੰਹਾਂ ,ਧੀਆਂ, ਜਿਹੜੀਆਂ ਹੁਣ ਅਮਰੀਕਾ ਵਿੱਚ ਰਹਿ ਰਹੀਆਂ ਹਨ,ਨਾਲੋ ਕੋਈ ਗੱਲ ਵੱਖਰੀ ਨਹੀਂ ਜਾਪੀ। ਉਸ ਦਾ ਆਪਣੇ ਸੱਸ-ਸਹੁਰੇ,ਦੇਵਰ-ਦੇਵਰਾਣੀ, ਨਨਾਣਾਂ ਆਦਿ ਪ੍ਰਤੀ ਨਜ਼ਰੀਆ ਭਾਰਤੀ ਨੂੰਹਾਂ ਵਾਲਾ ਹੀ ਹੈ ।

ਫਿਰ ਜਦੋ ਮੈ ਆਸਟ੍ਰੇਲੀਆ ਗਿਆ ਤਾਂ ਉਥੇ ਜਿਹੜੇ ਸ਼ਖਸ ਨੇ ਮੈਨੂੰ ਪ੍ਰਭਾਵਿਤ ਕੀਤਾ, ਉਹ ਹੈ ਮਿਸਟਰ ਰੌਡ । ਮਿਸਟਰ ਰੌਡ ਨੇ ਐਡੀਲੈਡ ਵਿਚ ਮੇਰੇ ਲਈ ਵਧੀਆ ਸਮਾਂ ਬਿਤਾਉਣ ਲਈ ਬੜਾ ਸਾਰਥਕ ਜਤਨ ਕੀਤਾ ।

25 ਅਕਤੂਬਰ 1997, ਸ਼ਨੀਚਰਵਾਰ ਦਾ ਦਿਨ ਸੀ ਜਦੋ ਮੈ ਰੌਡ ਨਾਲ ਆਸਟ੍ਰੇਲੀਆ ਦੇ ਸ਼ਹਿਰ ਐਡੀਲੇਡ ਦੇ ਉੱਤਰ ਵਾਲੇ ਪਾਸੇ ਗਿਆ । ਇਸ ਸ਼ਹਿਰ ਦੇ ਦੱਖਣ ਵੱਲ ਸਮੁੰਦਰ ਹੈ ਤੇ ਉੱਤਰ ਵੱਲ ਨਿੱਕੀਆਂ ਨਿੱਕੀਆਂ ਪਹਾੜੀਆਂ ਦੇ ਕੁਝ ਪਿੰਡ ਵੱਸੇ ਹੋਏ ਹਨ ।

ਮਿਸਟਰ ਰੌਡ ਪ੍ਰਵੀਨ ਕੌਰ ਦੇ ਪਤੀ ਹਨ।ਪ੍ਰਵੀਨ ਕੌਰ 1970 ਵਿੱਚ ਇਥੇ ਆਈ ਸੀ। ਉਦੋ ਉਸ ਦੀ ਭੈਣ ਡਾ. ਕੁਲਵੰਤ ਕੌਰ ਅਤੇ ਜੀਜਾ ਜੀ ਡਾ. ਜਗਜੀਤ ਸਿੰਘ ਪ੍ਰਧਾਨ ਇੱਥੇ ਸਨ । ਪ੍ਰਵੀਨ ਕੌਰ ਨੇ ਸਮਾਜਿਕ ਵਿਗਿਆਨ ਵਿਸ਼ੇ ਵਿਚ ਐਮ, ਏ, ਪਾਸ ਕੀਤੀ ਹੋਈ ਹੈ। ਇਸ ਦੇ ਪਿਤਾ ਜੀ, ਦੇਸ-ਵੰਡ ਤੋ ਪਹਿਲਾਂ ਗੁਜਰਾਂਵਾਲਾ ਵਿੱਚ ਰਹਿ ਰਹੇ ਸਨ, ਪਰ 1947 ਤੋ ਬਾਅਦ ਉਨ੍ਹਾਂ ਨੂੰ ਦਿੱਲੀ, ਮੱਧ-ਪ੍ਰਦਸ਼, ਬਾਂਗਰੂ, ਇੰਦੌਰ ਆਦਿ ਹੋਰ ਵੀ ਕਈ ਥਾਂਵਾਂ ਤੇ ਰਹਿਣਾ ਪਿਆ। ਇਹਨਾਂ ਦੇ 9 ਬੱਚੇ ਸਨ ਜਿਹਨਾਂ ਨੂੰ ਉਹਨਾਂ ਨੇ ਚੰਗੀ ਵਿੱਦਿਆ ਗ੍ਰਹਿਣ ਕਰਵਾਈ । ਇਹ ਪਰਿਵਾਰ ਜਿੱਥੇ ਗੁਰੂ -ਘਰ ਵਿੱਚ ਸ਼ਰਧਾ ਰੱਖਦਾ ਹੈ, ਉਥੇ ਆਧੁਨਿਕ ਖੁੱਲ-ਖਿਆਲੀ ਇਹਨਾਂ ਦੇ ਸਾਰੇ ਹੀ ਪਰਿਵਾਰ ਵਿਚ ਸਮਾਈ ਹੋਈ ਹੈ । ਪ੍ਰਵੀਨ ਦੀ ਇਕ ਭੈਣ, ਜਿਹੜੀ ਕਿ ਡਾਕਟਰ ਹੈ, ਨੇ ਇਕ ਬੰਗਾਲੀ ਡਾਕਟਰ ਨਾਲ ਵਿਆਹ ਕਰਵਾਇਆ ਹੋਇਆ ਹੈ । ਇਸ ਪ੍ਰਕਾਰ ਪ੍ਰਵੀਨ ਨੇ ਵੀ ਆਸਟ੍ਰੇਲੀਆ ਆ ਕੇ ਇਕ ਆਸਟ੍ਰੇਲੀਅਨ ਨਾਲ ਹੀ ਵਿਆਹ ਕਰਵਾਇਆ ਸੀ। ਪ੍ਰਮਾਤਮਾ ਦੀ ਕਿਰਪਾ ਸਦਕਾ ਇਹ ਸਫਲ ਤੇ ਸੁਖੀ ਪਰਿਵਾਰ ਹੈ। ਇਹਨਾਂ ਦੀਆਂ ਤਿੰਨ ਬੱਚੀਆਂ ਹਨ ਜਿਨ੍ਹਾਂ ਦੇ ਨਾਂ ਜੌਰਜੀਆ,ਸਬੀਨਾ ਤੇ ਐਨੀ ਹਨ । ਇਹ ਬੱਚੀਆਂ ਬੜੀਆਂ ਹੀ ਪਿਆਰੀਆਂ ਹਨ ।

ਮਿਸਟਰ ਰੌਡ ਨੇ 1967 ਵਿਚ ਸੋਸ਼ਲ -ਵਰਕ ਵਿੱਚ ਐਮ.ਏ. ਕੀਤੀ ਸੀ । ਪਰ ਆਪਣੇ ਕੰਮ ਵਿਚ ਨਿਪੁੰਨਤਾ ਹਾਸਿਲ ਕਰਨ ਲਈ ਉਹ ਮੈਨੇਜਮੈਂਟ ਆਦਿ ਵਿਚ ਕੋਈ ਨਾ ਕੋਈ ਕੋਰਸ ਕਰਦਾ ਰਹਿੰਦਾ ਹੈ । ਉਸ ਨੇ ਇਹ ਵੀ ਦੱਸਿਆ ਕਿ ਲੱਗ-ਭੱਗ ਹਰ ਮਹਿਕਮੇ ਵਿਚ ਬਹੁਤ ਸਾਰਾ ਪੈਸਾ ਮੁਲਾਜ਼ਮਾਂ ਦੀ ਇਨ-ਸਰਵਿਸ ਟ੍ਰੇਨਿੰਗ ਵਾਸਤੇ ਰਾਖਵਾਂ ਰੱਖਿਆ ਜਾਂਦਾ ਹੈ । ਇਸ ਲਈ ਸਾਰਿਆਂ ਨੂੰ ਨਵੀਂ ਤਰ੍ਹਾਂ ਦੇ ਕੋਰਸ ਕਰਨੇ ਪੈਂਦੇ ਹਨ ।

ਮਿਸਟਰ ਰੌਡ ਸਰਕਾਰੀ ਨੌਕਰੀ ਵਿਚ ਉੱਚੇ ਅਹੁਦੇ ਤੇ ਹਨ । ਇਹ ਸਮਾਜਿਕ ਕੰਮ ਕਰਨ ਵਾਲੀਆਂ ਮੁਨਾਫਾ ਰਹਿਤ ਸੰਸਥਾਵਾਂ ਨੂੰ ਗਰਾਂਟ ਦੇਣ ਵਾਲੇ ਮਹਿਕਮੇ ਵਿਚ ਹਨ । ਆਮ ਕੰਮ ਦੇ ਦਿਨਾਂ ਵਿਚ ਇਹ ਘਰੋਂ ਛੇਤੀ ਚਲੇ ਜਾਂਦੇ ਹਨ ਅਤੇ ਰਾਤ ਨੂੰ ਘਰ ਕਾਫੀ ਦੇਰ ਨਾਲ ਵਾਪਿਸ ਆਉਂਦੇ ਹਨ। ਉਹਨਾਂ ਮੈਨੂੰ ਇਹ ਵੀ ਦੱਸਿਆ ਕਿ ਉਹ ਆਪਣੇ ਕੰਮ ਨੂੰ ਬੜਾ ਪਿਆਰ ਕਰਦੇ ਹਨ। ਇਸ ਕੰਮ ਦੇ ਸਿਲਸਿਲੇ ਵਿਚ ਉਹ ਆਪਣੇ ਲੋਕਾਂ ਨੂੰ ਵੀ ਮਿਲਦੇ ਰਹਿੰਦੇ ਹਨ ਤੇ ਉਹਨਾਂ ਨੂੰ ਲੋਕਾਂ ਦੀ ਹਾਲਤ ਦਾ ਵੀ ਪਤਾ ਲੱਗਦਾ ਰਹਿੰਦਾ ਹੈ। ਉਹ ਭਾਰਤ ਵੀ ਇਕ ਦੋ ਵਾਰ ਗਏ ਹਨ। ਚੰਡੀਗੜ੍ਹ ਵਿਚ ਉਹਨਾਂ ਨੂੰ ਅਸੰਬਲੀ-ਹਾਲ,ਰਾਕ-ਗਾਰਡਨ,ਰੋਜ਼-ਗਾਰਡਨ ਤੇ ਪਿੰਜੌਰ-ਗਾਰਡਨ ਆਦਿ ਬੜੇ ਚੰਗੇ ਲੱਗੇ, ਜਿਹੜੇ ਕਿ ਹੁਣ ਵੀ ਉਹਨਾਂ ਨੂੰ ਯਾਦ ਹਨ। ਭਾਰਤੀ ਇਸਤਰੀਆਂ ਵੀ ਉਹਨਾਂ ਨੂੰ ਚੰਗੀਆਂ ਲੱਗਦੀਆਂ ਹਨ, ਉਨ੍ਹਾਂ ਦਾ ਵਿਚਾਰ ਹੈ ਕਿ ਜਦੋ ਵੀ ਕਿਤੇ ਇਹਨਾਂਨੂੰ ਸਮਾਂ ਮਿਲੇ ਇਹ ਸਾਰੇ ਗੁਰਦੁਆਰੇ ਜਾਂ ਘਰਾਂ ਵਿੱਚ ਇਕੱਠੇ ਹੋਣਾਂ ਲੋਚਦੇ ਹਨ। ਇਹਨਾਂ ਦੀਆਂ ਮੀਟਿੰਗਾਂ ਵਿਚ ਖਾਣੇ ਦਾ ਪ੍ਰਬੰਧ ਤਾਂ ਹੋ ਹੀ ਜਾਂਦਾ ਹੈ।

ਰੌਡ ਕਦੇ ਨਾ ਕਦੇ ਆਪਣੇ ਕੰਮ ਦੇ ਸਿਲਸਿਲੇ ਵਿਚ ਟੂਰ ਤੇ ਵੀ ਜਾਂਦਾ ਰਹਿੰਦਾ ਹੈ। ਪਿੱਛੇ ਜਿਹੇ ਉਹ ਆਸਟ੍ਰੇਲੀਆ ਦੇ ਇਕ ਹੋਰ ਸੂਬੇ, ਕੁਈਨਲੈਂਡ ਵਿਖੇ ਗਿਆ ਹੋਇਆ ਸੀ, ਉਸ ਨੇ ਦੱਸਿਆ ਕਿ ਐਡੀਲੈਡ ਅਤੇ ਕੁਈਨਲੈਡ ਵਿੱਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਹਨ। ਦੋਹਾਂ ਸਰਕਾਰਾਂ ਦੇ ਕੰਮ ਕਰਨ ਦੇ ਤਰੀਕੇ ਵੱਖਰੇ-ਵੱਖਰੇ ਹਨ। ਇਸ ਲਈ ਭਾਰਤ ਵਾਂਗ ਹੀ ਇਹਨਾਂ ਦੋਹਾਂ ਸਰਕਾਰਾਂ ਨੂੰ ਕੋਈ ਸਾਂਝਾ ਕੰਮ ਕਰਨ ਵਿੱਚ ਮੁਸ਼ਕਲ ਪੇਸ਼ ਆਂਉਦੀ ਹੈ। ਅਜਿਹੀ ਸਥਿਤੀ ਵਿੱਚ ਕੰਮ ਕਰਨ ਲਈ ਨਵੀਆਂ ਜੁਗਤਾਂ

ਲੱਭਣ ਵਾਸਤੇ ਰੌਡ ਜਿਹੇ ਮਾਹਿਰਾਂ ਦੀ ਲੋੜ ਪੈਂਦੀ ਹੀ ਰਹਿੰਦੀ ਹੈ।

ਰੌਡ ਸਿੱਖ-ਭਾਈਚਾਰੇ ਦੇ ਸਾਂਝੇ ਕੰਮਾਂ-ਕਾਰਾਂ ਵਿਚ ਸਰਕਾਰ ਤੋਂ ਹਮੇਸ਼ਾਂ ਹੀ ਮੱਦਦ ਦਿਵਾਉਂਦਾ ਰਹਿੰਦਾ ਹੈ। ਗੁਰਦੁਆਰੇ ਨਾਲ ਸੰਬੰਧਤ ਲਾਇਬਰੇਰੀ, ਸਕੂਲ ਆਦਿ ਲਈ ਗਰਾਂਟ ਵੀ ਆਸਾਨੀ ਨਾਲ ਹੀ ਮਿਲ ਜਾਂਦੀ ਹੈ।

ਰੌਡ ਨੇ ਆਪਣੀ ਪਤਨੀ,ਪ੍ਰਵੀਨ ਨੂੰ ਕਿਹਾ ਕਿ ਇਕ ਦਿਨ ਭਾਈ ਸਾਹਿਬ ਨੂੰ ਮੈਂ ਘੁਮਾਵਾਂਗਾ। ਸ਼ਨੀਵਾਰ ਦੀ ਉਸ ਨੂੰ ਛੁੱਟੀ ਸੀ। ਦਿਨ ਨੂੰ ਗਰਮੀ ਹੋਣ ਕਰਕੇ ਅਸੀ ਏਅਰ-ਕੰਡੀਸ਼ਨਰ ਵਾਲੀ ਕਾਰ ਹੀ ਲੈ, ਨਿਕਲ ਤੁਰੇ। ਰਸਤੇ ਵਿਚ ਹੀ ਰੌਡ ਨੇ ਇਹ ਦੱਸਿਆ ਕਿ ਇਹ ਇਲਾਕਾ ਉਸ ਦੀ ਜਨਮ ਭੂਮੀ ਹੈ।ਜਿਹੜੇ ਘਰ ਵਿਚ ਉਹ ਰਹਿ ਰਹੇ ਹਨ ਇਹ ਉਹਨਾਂ ਦੇ ਪਿਤਾ ਨੇ ਹੀ ਬਣਾਇਆ ਸੀ। ਇਹਨਾਂ ਸੜਕਾਂ ਤੇ ਉਹ ਬਚਪਨ ਵਿਚ ਕਾਫੀ ਘੁੰਮਦਾ ਰਿਹਾ ਹੈ। ਇਹ ਇਲਾਕਾ ਉਸ ਦਾ ਆਪਣਾ ਹੈ। ਫਿਰ ਉਸ ਨੇ ਉਹ ਪੁਰਾਣਾ ਹਸਪਤਾਲ ਵੀ ਵਿਖਾਇਆ ਜਿੱਥੇ ਉਸ ਦਾ ਜਨਮ ਹੋਇਆ ਸੀ। ਹੁਣ ਉਥੇ ਨਜ਼ਦੀਕ ਹੀ ਇਕ ਹੋਰ ਹਸਪਤਾਲ ਵੀ ਬਣ ਗਿਆ ਹੈ।

ਗਰਮੀਆਂ ਦੇ ਦਿਨਾਂ ਵਿਚ ਜੰਗਲ ਵੀ ਆਪਣੇ ਲਿਬਾਸ ਦਾ ਰੰਗ ਬਦਲ ਰਿਹਾ ਹੈ। ਉੱਤੇ ਪਹਾੜੀ ਤੇ ਚੜ੍ਹ ਕੇ ਵੇਖਿਆ ਤਾ ਨਜ਼ਾਰਾ ਬਹੁ-ਰੰਗਾ ਹੀ ਨਜ਼ਰ ਆਉਂਦਾ ਹੈ। ਲੱਗਭੱਗ ਬਾਰਾਂ ਕੁ ਸਾਲ ਪਹਿਲਾਂ ਇਥੇ ਪੂਰੇ ਜੰਗਲ ਵਿਚ ਹੀ ਅੱਗ ਲੱਗ ਗਈ ਸੀ ਜਿਸ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ। ਅੱਗ ਰੌਡ ਹੋਰਾਂ ਦੇ ਘਰ ਦੇ ਵੀ ਨੇੜੇ ਆ ਪਹੁੰਚੀ। ਪਰ ਕਿਸਮਤ ਚੰਗੀ ਹੋਣ ਕਰਕੇ ਬਚਾਅ ਹੋ ਗਿਆ।

ਪਿੱਛੇ ਜਿਹੇ ਮਲੇਸ਼ੀਆ ਦੇ ਨੇੜੇ ਲੱਗੀ ਅੱਗ ਬਾਰੇ ਗੱਲਾਂ ਕਰਦਿਆਂ ਉਹਨਾਂ ਨੂੰ 12 ਸਾਲ ਪਹਿਲਾਂ ਲੱਗੀ ਅੱਗ ਦੀ ਯਾਦ ਤਾਜ਼ਾ ਹੋ ਕੇ ਹੁਣ ਵੀ ਡਰਾ ਦਿੰਦੀ ਹੈ। ਉਸ ਭਿਆਨਕ ਅੱਗ ਦੇ ਨਿਸ਼ਾਨ ਅਜੇ ਵੀ ਕਿਤੇ-ਕਿਤੇ ਜੰਗਲ ਵਿਚ ਵੇਖਣ ਨੂੰ ਮਿਲਦੇ ਹਨ। ਹੁਣ ਇਸ ਇਲਾਕੇ ਵਿਚ ਚੰਗੇ ਹੋਟਲ ਬਣ ਰਹੇ ਹਨ।

ਅਸੀ ਦੂਰ ਖੇਤਾਂ ਵੱਲ ਜਾ ਰਹੇ ਸਾਂ। ਰਸਤੇ ਵਿਚ ਗਾਵਾਂ, ਭੇਡਾਂ ਬੱਕਰੀਆਂ ਦੇ ਫਾਰਮ ਵੀ ਆਮ ਦੇਖਣ ਨੂੰ ਮਿਲ ਰਹੇ ਸਨ। ਰੌਡ ਨੇ ਦੱਸਿਆ ਕਿ ਹੁਣ ਬਹੁਤ ਸਾਰੇ ਲੋਕਾਂ ਨੇ ਡੇਅਰੀ-ਫ਼ਾਰਮ ਬੰਦ ਕਰਕੇ ਕੇਵਲ ਅੰਗੂਰ ਹੀ ਬੀਜ ਲਏ ਹਨ ਤੇ ਅੰਗੂਰਾਂ ਦੀ ਸ਼ਰਾਬ ਬਣਾਉਣ ਦੇ ਕਾਰਖਾਨੇ ਵੀ ਨਾਲ ਹੀ ਸ਼ੁਰੂ ਹੋ ਗਏ ਹਨ। ਲੋਕਾਂ ਨੂੰ ਦੁੱਧ ਨਾਲੋਂ ਵਾਈਨ ਵਧੇਰੇ ਪਸੰਦ ਆ ਰਹੀ ਹੈ। ਇਸ ਵਿਚ ਮਿਹਨਤ ਘੱਟ ਤੇ ਮੁਨਾਫਾ ਵਧੇਰੇ ਹੈ। ਮੁਨਾਫੇ ਦੀ ਰੁਚੀ ਤਾਂ ਸੰਸਾਰ ਭਰ ਵਿੱਚ ਹੀ ਪ੍ਰਚਲਿਤ ਹੋ ਰਹੀ ਹੈ। ਇਸੇ ਕਰਕੇ ਤਾਂ ਲੋਕਾਂ ਦੀ ਭਲਾਈ ਨਾਲੋਂ ਜਾਂ ਕਦਰਾਂ-ਕੀਮਤਾਂ ਨਾਲੋ ਮੁਨਾਫੇ ਦੀ ਹੀ ਹਮੇਸ਼ਾ ਜਿੱਤ ਹੁੰਦੀ ਰਹੀ ਹੈ। ਇਸੇ ਤਰ੍ਹਾਂ ਹੀ ਇਕ ਥਾਂ ਤੇ ਪੋਕਰ ਮਸ਼ੀਨਾਂ ਵੀ ਲੱਗੀਆਂ ਹੋਈਆਂ ਹਨ। ਪੋਕਰ ਇਕ ਤਰ੍ਹਾਂ ਦਾ ਲਾਟਰੀ-ਨੁਮਾ ਜੂਆ ਹੈ। ਸਰਕਾਰ ਨੂੰ ਇਸ ਤੋ ਲੱਖਾਂ ਡਾਲਰਾਂ ਦੀ ਆਮਦਨ ਹੁੰਦੀ ਹੈ। ਰੌਡ ਕਹਿੰਦਾ ਹੈ ਕਿ ਲੋਕ ਇਥੇ ਤਾਂ ਸਿਰਫ ਪੈਸਾ ਲੁਟਾਉਣ ਹੀ ਆਉਂਦੇ ਹਨ।

ਫਿਰ ਅਸੀ ਇਕ ਕਸਬੇ ਵਿਚ ਪਹੁੰਚੇ। ਇਹ ਜਰਮਨ ਲੋਕਾਂ ਦਾ ਕਸਬਾ ਹੈ। ਇਥੇ ਲੋਕ1930 ਵਿਚ ਜਰਮਨ ਤੋ ਆਏ ਸਨ, ਜਦੋ ਉਥੋਂ ਯਹੂਦੀਆਂ ਨੂੰ ਭਜਾਇਆ ਜਾ ਰਿਹਾ ਸੀ। ਇਹਨਾਂ ਲੋਕਾਂ ਨੇ ਇਸ ਪਿੰਡ ਨੂੰ ਜਰਮਨ ਤਰਜ਼ੇ ਜ਼ਿੰਦਗੀ ਅਨੁਸਾਰ ਉਸਾਰਿਆ। ਪੁਰਾਣੀ ਤਰ੍ਹਾਂ ਦੇ ਪੱਥਰਾਂ ਦੇ ਉਸਰੇ ,ਛੋਟੀਆਂ-ਛੋਟੀਆਂ ਬਾਰੀਆਂ ਵਾਲੇ ਘਰ, ਹੋਟਲ,ਦੁਕਾਨਾਂ ਦਾ ਉਸੇ ਤਰ੍ਹਾਂ ਦਾ ਰੰਗ-ਰੂਪ। ਇਹਨਾਂ ਪੁਰਾਤਨ ਘਰਾਂ ਦੇ ਸਾਹਮਣੇ ਨਵੀਂ ਕਿਸਮ ਦੀਆਂ ਇਮਾਰਤਾਂ ਅੱਖਾਂ ਨੂੰ ਚੁੱਭਦੀਆਂ ਹਨ। ਰੌਡ ਇਸ ਬਾਰੇ ਵੀ ਦੱਸ ਰਿਹਾ ਸੀ ਕਿ ਪੁਰਾਤਨ ਸ਼ੈਲੀ ਨਾਲ ਤਾਂ ਅਸੀ ਇਕਮਿਕ ਹੁੰਦੇ ਹਾਂ, ਪਰ ਨਵੀਂ ਤਰ੍ਹਾਂ ਦੀਆਂ ਇਮਾਰਤਾਂ ਬੰਦੇ ਦੀ ਨਹੀਂ ਸਗੋ ਮਸ਼ੀਨਾਂ ਦੀ ਸਹੂਲਤ ਲਈ ਬਣਾਈਆਂ ਜਾਂਦੀਆਂ ਹਨ।

ਉੱਥੇ ਪਿੰਡ ਵਿਚ ਛੋਟੇ-ਛੋਟੇ ਬੂਥ ਬਣੇ ਹੋਏ ਸਨ ਜਿਹਨਾਂ ਵਿਚ ਇਕ ਡਾਲਰ ਪਾਉਣ ਨਾਲ ਟੇਪ ਰਾਹੀਂ ਹੀ ਉਸ ਪਿੰਡ ਬਾਰੇ ਅਤੇ ਖਾਸ-ਖਾਸ ਥਾਂਵਾਂ ਬਾਰੇ ਵੀ ਜਾਣਕਾਰੀ ਮਿਲ ਜਾਂਦੀ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਟੇਪਾਂ ਵੱਖ-ਵੱਖ ਭਾਸ਼ਾਵਾਂ ਵਿਚ ਵੀ ਸੁਣੀਆਂ ਜਾ ਸਕਦੀਆਂ ਹਨ। ਬਸ,ਇਕ ਬਟਨ ਦਬਾਉਣ ਦੀ ਹੀ ਲੋੜ ਪੈਂਦੀ ਹੈ।

ਸੜਕਾਂ ਤੇ ਆਵਾਜਾਈ ਘੱਟ ਸੀ। ਦਰੱਖਤਾਂ ਦੇ ਪੁਰਾਣੇ ਪੱਤੇ ਸੁੱਕ ਕੇ ਝੜ ਰਹੇ ਸਨ। ਸੜਕਾਂ ਤੇ ਹਵਾ ਨਾਲ ਇਕੱਠੇ ਹੋਏ ਪੱਤੇ ਕਿਸੇ ਚਿਤਰਕਾਰ ਲਈ ਚਿਤਰਕਾਰੀ ਕਰਨ ਲਈ ਚੰਗਾ ਵਿਸ਼ਾ ਬਣ ਰਹੇ ਸਨ।

ਇਕ ਹੀ ਬਾਜ਼ਾਰ ਵਿਚ ਆਰਟ ਗੈਲਰੀ, ਹੋਟਲ, ਕੱਪੜਿਆਂ ਦੀਆਂ ਦੁਕਾਨਾਂ, ਬੈਂਕ, ਡਾਕਖਾਨਾ ਅਤੇ ਹੋਰ ਕਿਨਾਂ ਕੁਝ ਹੈ। ਉਹਨਾਂ ਨੇ ਇਕ ਪੁਰਾਣੀ ਗੱਡੀ, ਜਿਹੜੀ ਸੌ ਸਾਲ ਪੁਰਾਣੀ ਸੀ, ਵੀ ਸੰਭਾਲ ਕੇ ਰੱਖੀ ਹੋਈ ਸੀ। ਇਕ ਨੋਟ ਲਿਖਿਆ ਹੋਇਆ ਸੀ,ਜਿਸ ਵਿਚ ਇਸ ਗੱਡੀ ਨੂੰ ਹੱਥ ਨਾ ਲਾਉਣ ਲਈ ਬੇਨਤੀ ਵੀ ਕੀਤੀ ਸੀ।

ਜਰਮਨ ਲੋਕਾਂ ਦੇ ਆਪਣੇ ਵਿਰਸੇ ਦੀ ਸੰਭਾਲ, ਉਸ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਜਤਨਾਂ ਵੱਲ ਵੇਖਦਿਆਂ, ਆਪਣੇ ਕਾਰ ਸੇਵਾ ਵਾਲੇ ਬਾਬਿਆਂ ਬਾਰੇ ਸੋਚਦਿਆਂ ਨਮੋਸ਼ੀ ਹੁੰਦੀ ਹੈ। ਜਿਹਨਾਂ ਨੇ ਸਾਡੀਆਂ ਸਾਰੀਆਂ ਪੁਰਾਣੀਆਂ ਪਵਿੱਤਰ ਯਾਦਾਂ ਦੇ ਨਾਮੋ-ਨਿਸ਼ਾਨ ਮਿਟਾ ਕੇ ਹਰ ਥਾਂ ਸੰਗਮਰਮਰ ਜੜ ਦਿੱਤਾ ਹੈ, ਜਿਸ ਉੱਤੇ ਨਾ ਗਰਮੀਆਂ ਵਿਚ ਹੀ ਤੁਰਿਆ ਜਾ ਸਕਦਾ ਹੈ ਤੇ ਨਾ ਹੀ ਸਰਦੀਆਂ ਵਿਚ। ਇਸ ਦੇ ਗਿੱਲਾ ਹੋਣ ਤੇ ਅਨੇਕਾਂ ਹੀ ਸ਼ਰਧਾਲੂਆਂ ਨੂੰ ਸੱਟਾਂ ਵੀ ਲੱਗ ਚੁਕੀਆਂ ਹਨ। ਕਾਸ਼ ਕੋਈ ਇਸ ਕੁਪਿਰਤ ਨੂੰ ਠੱਲ ਪਾਵੇ।

ਜਦੋ ਮੈਂ ਅਤੇ ਮਿਸਟਰ ਰੌਡ ਇਕੱਠੇ ਕਾਰ ਵਿਚ ਜਾ

ਰਹੇ ਸਾਂ ਤਾਂ ਰਸਤੇ ਵਿਚ ਅਸੀ ਇਕ ਹੋਰ ਗੱਲ ਵੇਖੀ। ਕਿ ਕੁਝ ਸਿਹਤ ਬਣਾਉਣ ਦੇ ਸ਼ੌਕੀਨ ਬੜੇ ਮਜ਼ੇ ਨਾਲ ਸਾਈਕਲਾਂ ਤੇ ਜਾ ਰਹੇ ਸਨ। ਰੌਡ ਵੀ ਉਹਨਾਂ ਨੂੰ ਵੇਖ ਕੇ ਜਿਵੇਂ ਨਸ਼ਿਆ ਜਿਹਾ ਗਿਆ। ਉਹ ਲੋਕ ਸਰੀਰਕ ਕਸਰਤ ਲਈ ਹੀ ਸਾਈਕਲ ਦੀ ਵਰਤੋਂ ਕਰਦੇ ਜਾਂ ਪੈਦਲ ਚੱਲਣਾ ਹੀ ਜ਼ਿਆਦਾ ਗੁਣਕਾਰੀ ਮੰਨਦੇ ਹਨ। ਇਸੇ ਕਰਕੇ ਤਾਂ ਉਹਨਾਂ ਲੋਕਾਂ ਦੇ ਪੱਠੇ ਮਜ਼ਬੂਤ ਸਨ ਤੇ ਚਰਬੀ ਦਾ ਨਿਸ਼ਾਨ ਤਕ ਵੀ ਨਜਰ ਨਹੀਂ ਆਉਂਦਾ। ਉਹਨਾਂ ਲੋਕਾਂ ਦਾ ਵਿਚਾਰ ਹੈ ਕਿ ਸਿਹਤ ਇਕ ਪਵਿੱਤਰ ਚੀਜ਼ ਹੈ ਜਿਸ ਨੂੰ ਉਹ ਨੇਮ ਨਾਲ ਕਾਇਮ ਰੱਖਣਾ ਚਾਹੁੰਦੇ ਹੈ।

ਮੈਨੂੰ ਯਾਦ ਆਇਆ ਕਿ ਇਕ ਵਾਰ ਛੋਟੀ ਉਮਰ ਦੇ ਨਵੇਂ ਬਣੇ ਇਕ ਸੰਤ ਮੇਰੇ ਦਫਤਰ ਵਿਚ ਆਏ। ਆਮ ਦਿਨਾਂ ਵਾਂਗ ਉਸ ਦਿਨ ਵੀ ਮੇਰੇ ਦਫਤਰ ਦੀ ਲਿਫਟ ਖਰਾਬ ਹੋਣ ਕਰਕੇ ਰੁਕੀ ਹੋਈ ਸੀ। ਉਹ ਵਿਚਾਰੇ 7 ਮੰਜਲਾਂ ਪੌੜੀਆਂ ਰਾਹੀਂ ਹੀ ਚੜ੍ਹ ਕੇ ਮਸਾਂ ਮੇਰੇ ਕੋਲ ਪਹੁੰਚੇ ਤੇ ਕੋਈ ਅੱਧੇ-ਘੰਟੇ ਪਿੱਛੋਂ ਮੇਰੇ ਨਾਲ ਗੱਲਬਾਤ ਕਰਨ ਦੇ ਕਾਬਿਲ ਹੋਏ। ਉਹ ਇਤਨੇ ਪੋਲੇ ਤੇ ਪਿਲਪਿਲੇ ਸਨ, ਪਰ ਫਿਰ ਵੀ ਇਹ ਕਹਿਣ ਵਿਚ ਮਾਣ ਸਮਝਦੇ ਸਨ ਕਿ ਅਸੀਂ ਕਦੀ ਸਰੀਰਕ ਕੰਮ ਨਹੀਂ ਕੀਤਾ। ਕਦੀ ਪੈਦਲ ਨਹੀਂ ਤੁਰੇ ਇਸ ਕਰਕੇ ਇਹ ਪੌੜੀਆਂ ਚੜ੍ਹਨੀਆਂ ਵੀ ਬੜੀਆਂ ਔਖੀਆਂ ਲਗਦੀਆਂ ਹਨ। ਇਹ ਸੇਵਾ ਦਾ ਉਪਦੇਸ਼ ਦੇਣ ਵਾਲੇ ਸੰਤ ਬਾਰ-ਬਾਰ ਇਹ ਤਾਂ ਕਹਿੰਦੇ ਹਨ ਕਿ:-

ਬਿਨੁ ਸੇਵਾ ਧ੍ਰਿਗ ਹਥ ਪੈਰ ”

ਪਰ ਆਪ ਇਹਨਾਂ ਕੋਲ ਸੇਵਾ ਕਰਨ ਦੀ ਵਿਹਲ ਹੀ ਨਹੀਂ ਹੈ। ਉਂਜ ਵੀ ਅਸੀਂ ਭਾਰਤੀ ਮਰਨ ਤੋ ਤਾਂ ਡਰਦੇ ਹਾਂ ਪਰ ਆਪਣੀ ਸਿਹਤ ਸੰਭਾਲ ਲਈ ਕੋਈ ਖੇਚਲ ਨਹੀਂ ਕਰਨਾ ਚਾਹੁੰਦੇ । ਧਿਆਨ ਨਹੀਂ ਰੱਖਦੇ । ਇਥੋਂ ਤਕ ਕਿ ਹੱਥੀਂ ਕੰਮ ਕਰਨਾ ਤਾਂ ਬਿਲਕੁਲ ਸਾਡੀ ਸ਼ਾਨ ਦੇ ਖਿਲਾਫ ਹੈ।

ਰੌਡ ਆਪਣੀ ਸਿਹਤ ਦਾ ਪੂਰਾ ਧਿਆਨ ਰੱਖਦਾ ਹੈ ਉਸ ਨੇ ਮੈਨੂੰ ਦਸਿਆ "ਮੈਂ ਆਪਣੇ ਇਕ ਚੀਨੀ ਮਿਤੱਰ ਨਾਲ ਰੋਜ਼ ਰਾਤ ਨੂੰ ਦੌੜ ਲਗਾਉਣ ਜਾਂਦਾ ਹਾਂ"। ਰੌਡ ਬੜਾ ਹੀ ਖੁਸ਼-ਦਿਲ ਤੇ ਨੇਕ ਇਨਸਾਨ ਹੈ। ਉਹ ਜਦੋਂ ਵੀ ਮੈਨੂੰ ਮਿਲਦਾ ਆਪਣੇ ਖਾਸ ਹੀ ਅੰਦਾਜ ਵਿਚ ਕਹਿੰਦਾ ਹੈ "ਭਾਈ ਸਾਹਿਬ ਸਤਿ ਸ੍ਰੀ ਅਕਾਲ। ਹਉ-ਆਰ-ਯੂ ” ਉਸ ਦਾ ਬੋਲਣ ਦਾ ਲਹਿਜਾ ਬੜਾ ਪਿਆਰਾ ਹੈ। ਕੁਦਰਤ ਨੇ ਹੀ ਉਸ ਦੇ ਜੀਵਨ ਵਿਚ ਸਹਿਜ, ਮਿਲਾਪੜਾਪਨ ਤੇ ਦੂਜੇ ਦਾ ਧਿਆਨ ਰੱਖਣ ਦੀ ਦਾਤ ਬਖਸ਼ੀ ਹੈ।

ਵਾਹਿਗੁਰੂ ਰੌਡ ਸੁਕੇਅਰ ਪਰਿਵਾਰ ਨੂੰ ਹਰ ਵੇਲੇ ਸਹਿਜ, ਸੁਖੀ ਅਤੇ ਮਹਿਕ ਭਰਪੂਰ ਖੇੜਾ ਬਖਸ਼ੇ।

# ਬਾਲ ਰਾਗੀ ਸਤਵਿੰਦਰ ਸਿੰਘ

ਪ੍ਰੋ: ਐਮ. ਐਸ. ਸਚਦੇਵਾ

ਹਰ ਮਾਨਵ ਨੂੰ ਮਿੱਠੀ ਅਵਾਜ਼ ਪ੍ਰਭੂ ਦੀ ਬਖਸ਼ਿਸ਼ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਇਹ ਦਾਤ ਕਾਕਾ ਸਤਵਿੰਦਰ ਸਿੰਘ, ਨੂੰ ਪ੍ਰਭੂ ਕਿਰਪਾ ਦੁਆਰਾ ਹੀ ਪ੍ਰਾਪਤ ਹੋਈ ਜਾਪਦੀ ਹੈ। ਕਾਕਾ ਸਤਵਿੰਦਰ ਸਿੰਘ ਗੁਰਬਾਣੀ ਦੇ ਵਿਆਖਿਆਕਾਰ, ਪ੍ਰੋ: ਮਹਿੰਦਰ ਸਿੰਘ ਖੁਰਾਨਾ ਦੇ ਸਪੁੱਤਰ ਹਨ। ਮਾਤਾ ਜਤਿੰਦਰ ਕੌਰ, ਅਧਿਆਪਕਾਂ ਹਨ। ਇਹਨਾਂ ਦੀ ਗੋਦ ਵਿੱਚ ਖੇਡ ਕੇ ਅਤੇ ਕੀਰਤਨ ਸਿੱਖਿਆ ਪ੍ਰਾਪਤ ਕਰਕੇ ਕਾਕਾ ਸਤਵਿੰਦਰ ਸਿੰਘ ਅਤੇ ਅਮਰਜੋਤ ਕੌਰ ਕੀਰਤਨ ਨਾਲ ਜੁੜ ਗਏ। ਕਾਕਾ ਸਤਵਿੰਦਰ ਸਿੰਘ ਆਪਣੇ ਇੱਕ ਮਿੱਤਰ ਕਾਕਾ ਚਰਨਜੀਤ ਸਿੰਘ, ਜੋ ਵਧੀਆ ਕੀਰਤਨ ਕਰਦੇ ਹਨ, ਤੋਂ ਵੀ ਬਹੁਤ ਪ੍ਰਭਾਵਿਤ ਹੋਇਆ।

ਬੀਬੀ ਜਤਿੰਦਰ ਕੌਰ ਅਧਿਆਪਕਾ ਹੋਣ ਦੇ ਨਾਲ ਨਾਲ ਕੀਰਤਨ ਸੇਵਾ ਵੀ ਕਰਦੇ ਹਨ। ਕਾਕਾ ਸਤਵਿੰਦਰ ਸਿੰਘ ਨੇ ਪਹਿਲੀ ਸੰਗੀਤ ਸਿੱਖਿਆ ਆਪਣੀ ਮਾਤਾ ਜੀ ਪਾਸੋਂ ਲਈ। ਫਿਰ ਬਚਪਨ ਵਿੱਚ ਹੀ ਮੰਗਤ ਸਿੰਘ ਮਸਤਾਨਾ ਪਾਸੋਂ ਹਰਮੋਨੀਅਮ ਸਿੱਖਣਾ ਸ਼ੁਰੂ ਕਰ ਦਿੱਤਾ। ਮਸਤਾਨਾ ਜੀ ਪਾਸੋਂ ਕਾਕਾ ਜੀ ਨੇ ਸ਼ਬਦ ਕੀਰਤਨ ਦੀ ਸਿਖਲਾਈ ਦੇ ਨਾਲ ਨਾਲ, ਪ੍ਰਾਚੀਨ ਕਲਾ ਕੇਂਦਿਰ ਤੋਂ ਸੰਗੀਤ ਵੋਕਲ ਵਿੱਚ ਡਿਗਰੀ ਕੀਤੀ। ਕਲਾਸੀਕਲ ਤੇ ਵੋਕਲ ਸੰਗੀਤ ਸਿਖਲਾਈ ਪ੍ਰਾਪਤ ਕਰਕੇ ਕਾਕਾ ਸਤਵਿੰਦਰ ਸਿੰਘ ਦੀ ਗਾਇਨ ਕਲਾ ਵਿੱਚ ਨਿਖਾਰ ਆਇਆ। ਕਾਕਾ ਸਤਵਿੰਦਰ ਸਿੰਘ ਦੀ ਅਵਾਜ਼ ਰਸੀਲੀ ਅਤੇ ਸੰਭਾਵਨਾ ਭਰਪੂਰ ਹੈ। ਪਿੱਛਲੇ ਸਾਲਾਂ ਵਿੱਚ ਸਤਵਿੰਦਰ ਸਿੰਘ ਨੇ ਸ਼ਬਦ-ਗਾਇਨ ਅਤੇ ਲੋਕ-ਗੀਤ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਇਨਾਮ ਪ੍ਰਾਪਤ ਕੀਤੇ ਹਨ। ਕਾਕਾ ਜੀ ਨੂੰ ਸੰਗੀਤ ਦੀ ਅਥਾਹ ਲਗਨ ਹੈ। ਆਸ਼ਾ ਹੈ ਕਿ ਇਹ ਬਾਲ ਰਾਗੀ ਇਕ ਦਿਨ ਚੰਗੇ ਕੀਰਤਨ ਕਰਨ ਵਾਲਿਆਂ ਵਿੱਚ ਸਥਾਨ ਬਣਾਵੇਗਾ।

ਕਾਕਾ ਸਤਵਿੰਦਰ ਸਿੰਘ ਆਲ ਇੰਡੀਆ ਰੇਡੀਓ, ਬਠਿੰਡਾ ਤੋਂ ਸ਼ਬਦ ਕੀਤਰਨ ਦਾ ਪ੍ਰੋਗਰਾਮ ਪੇਸ਼ ਕਰ ਚੁੱਕੇ ਹਨ।

# ਭਗਤ-ਬਾਣੀ ਕੀਰਤਨ
## ਪੀਪਾ ਜੀ ਅਤੇ ਸੈਣ ਜੀ ਦੀ ਬਾਣੀ

ਤ੍ਰਿਲੋਚਨ ਸਿੰਘ ਤਰਸੀ
(ਡਾ)

ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਦੇ ਕੀਰਤਨ ਦੀ ਇਕ ਨਵੀਂ ਕੈਸਟ ਸੁਨਣ ਦਾ ਨਵੇਕਲਾ ਅਨੁਭਵ ਪ੍ਰਾਪਤ ਹੋਇਆ ਹੈ। ਗੁਰਮਤ ਪ੍ਰਚਾਰ ਸੇਵਾ ਸੁਸਾਇਟੀ, ਚੰਡੀਗੜ੍ਹ, ਵੱਲੋਂ ਕਰਵਾਏ ਗਏ ਭਗਤ-ਬਾਣੀ ਕੀਰਤਨ ਅਤੇ ਵੀਚਾਰ ਦਰਬਾਰ ਦੀ ਕਾਰਵਾਈ ਦੀ ਲਾਈਵ ਰਿਕਾਰਡਿੰਗ, ਜੋ ਟੀ ਐਮ ਸੀ ਦਿੱਲੀ ਦੇ ਉੱਦਮ ਨਾਲ ਕੀਤੀ ਗਈ, ਦੇ ਇਸ ਅੰਸ਼ ਵਿਚ ਡਾ. ਜਾਗੀਰ ਸਿੰਘ ਨੇ ਭਗਤ ਪੀਪਾ ਜੀ ਅਤੇ ਭਗਤ ਸੈਣ ਜੀ ਦੇ ਸ਼ਬਦਾਂ ਤੋਂ ਇਲਾਵਾ ਸੈਣ ਜੀ ਦੀ ਅਧਿਆਤਮਕ ਪ੍ਰਾਪਤੀ ਨਾਲ ਸੰਬੰਧਤ ਭਾਈ ਗੁਰਦਾਸ ਜੀ ਦੀ ਇਕ ਪਉੜੀ ਦਾ ਵੀ ਕੀਰਤਨ ਕੀਤਾ ਹੈ। ਇਹ ਕੈਸਿਟ ਰਾਗ ਧਨਾਸਰੀ ਦੇ ਗਾਇਣ ਦੀ ਇਕ ਸੁੰਦਰ ਉਦਾਹਰਣ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਛੇ ਭਗਤਾਂ ਦੀ ਕੇਵਲ ਇਕ ਇਕ ਰਚਨਾ ਹੀ ਇਹ ਸਤਿਕਾਰ ਪ੍ਰਾਪਤ ਕਰ ਸਕੀ ਹੈ। ਪੀਪਾ ਜੀ ਅਤੇ ਸੈਣ ਜੀ ਦੇ ਨਾਂ ਵੀ ਇਨ੍ਹਾਂ ਛੇ ਭਗਤਾਂ ਵਿਚ ਸ਼ਾਮਿਲ ਹਨ। ਇਨ੍ਹਾਂ ਭਗਤਾਂ ਦੀ ਬਾਣੀ ਦਾ ਗਾਨਿ ਦਾ ਗਾਇਣ ਬਹੁਤ ਘੱਟ ਵਾਰ ਸੁਨਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਹਾਲਾਂ ਕਿ ਸਾਰੀ ਸਮਿਲਤ ਭਗਤ ਬਾਣੀ ਗੁਰਮਤ ਦਰਸ਼ਨ ਅਤੇ ਸਿੱਖ ਵਿਚਾਰਧਾਰਾ ਦੀ ਹੀ ਪੁਸ਼ਟੀ ਕਰਦੀ ਹੈ, ਫਿਰ ਵੀ ਬਹੁਤ ਘੱਟ ਕੀਰਤਨਕਾਰਾਂ ਨੇ ਸੈਣ, ਸੂਰਦਾਸ, ਪਰਮਾਨੰਦ, ਰਾਮਾਨੰਦ, ਸਧਨਾ ਅਤੇ ਪੀਪਾ ਜੀ ਦੀ ਬਾਣੀ ਨੂੰ ਕੀਰਤਨ ਲਈ ਚੁਣਿਆ ਹੈ ਅਤੇ ਇਨ੍ਹਾਂ ਦੀ ਬਾਣੀ ਸੰਬੰਧੀ ਗੰਭੀਰ ਵਿਚਾਰ ਤਾਂ ਹੋਰ ਵੀ ਘੱਟ ਵਿਦਵਨਾਂ ਨੇ ਕਰਨ ਦਾ ਜਤਨ ਕੀਤਾ ਹੈ।

"ਹੁਕਮ ਰਜਾਈ ਚਲਣਾ" ਗੁਰਮਤ ਦਰਸ਼ਨ ਦਾ ਕੇਂਦਰ ਬਿੰਦੂ ਹੈ ਜਿਸ ਦੁਆਲੇ ਸਮੁਚੇ ਸਿੱਖ ਚਿੰਤਨ ਦੀ ਸਿਰਜਣਾ ਹੋਈ ਹੈ। ਪੀਪਾ ਜੀ ਅਤੇ ਸੈਣ ਜੀ ਦੇ ਧਨਾਸਰੀ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣੇ ਸ਼ਬਦ ਵੀ ਇਸੇ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਆਪਣੀ ਸੰਪੂਰਨ ਹੋਂਦ ਹੀ ਆਪਣੇ ਪ੍ਰਭੂ ਦੇ ਸਮਰਪਨ ਕਰ ਕੇ, ਉਸ ਦੀ ਰਜ਼ਾ ਨੂੰ ਪ੍ਰਸਾਦਿ ਰੂਪ ਵਿਚ ਗ੍ਰਹਿਣ ਕਰਨ ਦੀ ਇੱਛਾ ਦਾ ਪ੍ਰਗਟਾਵਾ ਹਨ। ਸੱਚੇ ਸਿਰਜਣਹਾਰ ਦੀ ਸਮੁਚੀ ਕਿਰਤ ਨੂੰ ਉਸ ਦਾ ਸਰੂਪ ਸਵਿਕਾਰ ਕਰਦੀ ਇਹ ਬਾਣੀ ਮਾਇਆ ਦੇ ਅਦਵੈਤ ਵਾਦੀ ਸਿਧਾਂਤ ਦਾ ਜ਼ੋਰਦਾਰ ਖੰਡਨ ਕਰਦੀ ਹੈ।

ਭਗਤ ਬਾਣੀ ਦੇ ਰਚਨਾ ਕਾਲ ਸਮੇ ਹਿੰਦੂ ਵਿਚਾਰਧਾਰਾ ਦੋ ਮੁੱਖ ਰੂਪ ਧਾਰਨ ਕਰ ਚੁਕੀ ਸੀ। ਇਕ ਪਾਸੇ ਤਾਂ ਇਹ ਹਰ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਹੋਂਦ ਨੂੰ ਜੋ ਧਰਤੀ ਅਤੇ ਆਕਾਸ਼ ਦੇ ਵਿਚਕਾਰ, ਧਰਤੀ ਉੱਤੇ ਜਾਂ ਆਕਾਸ਼ ਉੱਤੇ ਜਾਂ ਪਾਤਾਲ ਵਿਚ ਕਦੇ ਉਪਜੀ ਹੈ, ਉਪਜੇਗੀ ਜਾਂ ਉਪਜ ਸਕਦੀ ਹੈ, ਨੂੰ ਕੇਵਲ ਮਾਇਆ ਜਾਂ ਛਲਾਵਾ ਮੰਨ ਕੇ ਨਕਾਰਦੀ ਹੋਈ ਸੰਸਾਰ ਤਿਆਗ ਕੇ ਸੱਚ ਦੀ ਭਾਲ ਵਿਚ ਸੰਨਿਆਸੀ ਹੋ ਜਾਣ ਜਾਂ ਸਰੀਰ ਨੂੰ ਕਈ ਢੰਗਾਂ ਨਾਲ ਕਸ਼ਟ ਦੇ ਕੇ ਇਸ ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਬਣਦੀ ਸੀ। ਦੂਜੇ ਪਾਸੇ ਤੰਤਰ ਸਾਧਨਾ ਦਾ ਮੂਲ ਆਧਾਰ ਆਪਣੇ ਅਤੇ ਬੇਗਾਨੇ, ਜੀਵਿਤ ਜਾਂ ਨਿਰਜੀਵ, ਸਰੀਰ ਦੀ ਦੁਰਵਰਤੋਂ ਰਾਹੀਂ ਸਿੱਧੀਆਂ ਪ੍ਰਾਪਤ ਕਰਨ ਵੱਲ ਰੁਚਿਤ ਸੀ। ਇਹ ਦੋਵੇਂ ਵਿਚਾਰ ਹੀ ਆਤਮਕ, ਅਧਿਆਤਮਕ ਅਤੇ ਸਮਾਜਕ ਸੁਆਸਥ ਲਈ ਹਾਨੀ ਕਾਰਕ ਸਨ। ਇਸ ਲਈ ਇਨ੍ਹਾਂ ਦਾ ਵਿਰੋਧ ਸਹਿਜ ਭਗਤੀ ਮਾਰਗ ਦਾ ਇਕ ਮੁੱਖ ਟੀਚਾ ਸੀ।

ਸਹਿਜ ਭਗਤੀ ਮਾਰਗ ਅਨੁਸਾਰ ਨਾ ਸੰਸਾਰ ਦਾ ਪੂਰਨ ਤਿਆਗ ਹੀ ਮਨੁੱਖੀ ਹੋਂਦ ਦਾ ਟੀਚਾ ਹੋ ਸਕਦਾ ਹੈ ਅਤੇ ਨਾ ਹੀ ਕਾਦਰ ਦੀ ਕੁਦਰਤ ਦਾ ਸਵੈ-ਸਿੱਧੀ ਲਈ ਉਪਯੋਗ ਹੀ ਇਸ ਦਾ ਮੰਤਵ ਹੈ। ਪੂਰਨ ਤਿਆਗ ਦਾ ਮਾਰਗ ਮਨੁੱਖ ਨੂੰ ਆਪਣਾ ਸਰੀਰ ਕਲਵੱਤਰ (ਆਰੇ) ਦੀ ਖੁਰਾਕ ਬਣਾਉਣ ਲਈ ਉਕਸਾਂਦਾ ਹੈ ਤਾਂ ਸਵੈ ਸਿੱਧੀ ਲਈ ਪ੍ਰਕਿਰਤਕ ਸਾਧਨਾਂ ਦੀ ਦੁਰਵਰਤੋਂ ਕੇਵਲ ਸਰੀਰਕ ਸੁੱਖਾਂ ਨੂੰ ਹੀ ਜੀਵਨ ਦਾ ਅੰਤਿਮ ਟੀਚਾ ਸਮਝਣ ਵੱਲ ਰੁਚਿਤ ਹੈ। ਸਹਿਜ ਭਗਤੀ ਮਾਰਗ ਦੋਹਾਂ ਦੇ ਵਿਚਕਾਰਲਾ ਮਾਰਗ ਹੈ ਜੋ ਪ੍ਰਕਿਰਤਿਕ ਸਾਧਨਾਂ, ਜਿਸ ਵਿਚ ਕਾਇਆ ਜਾਂ ਸਰੀਰ ਵੀ ਸ਼ਾਮਿਲ ਹੈ, ਦੀ ਗੰਭੀਰ ਖੋਜ ਰਾਹੀਂ ਸਭ ਕੁਝ ਪ੍ਰਾਪਤ ਕਰ ਸਕਣ ਦੀ ਸੰਭਾਵਨਾ ਨੂੰ ਉਜਾਗਰ ਕਰਦਾ ਹੈ।

ਪੀਪਾ ਜੀ ਤਾਂ ਆਪਣੇ ਸ਼ਬਦ ਵਿਚ ਕਾਇਆ ਦੀ ਸ੍ਰੇਸ਼ਟਤਾ ਨੂੰ ਉਜਾਗਰ ਕਰਦੇ ਹਨ।

" ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ

ਜਾਤੀ" ਦਾ ਵਿਚਾਰ ਪੇਸ਼ ਕਰਦੇ ਹੋਏ ਸਿੱਧ ਕਰਦੇ ਹਨ ਕਿ ਹਰੀ ਦਾ ਨਿਵਾਸ ਸਥਾਨ ਇਹ ਕਾਇਆ ਹੀ ਹੈ। ਹਰੀ ਆਪ ਵੀ ਕਾਇਆ ਰੂਪ ਧਾਰਨ ਕਰ ਕੇ ਭਗਤ ਦੀ ਸਾਧਨਾ ਦਾ ਟੀਚਾ ਬਣਦਾ ਹੈ। ਹੋਰ, ਪੂਜਾ ਦੇ ਵੱਖ ਵੱਖ ਮਾਰਗ ਜਿਵੇਂ ਸ਼ਿਵ ਦੀਆਂ ਜੰਘਾਂ(ਪੱਟਾਂ) ਤੋਂ ਉਤਪੰਨ ਹੋਏ ਜੰਗਮ ਜੋਗੀ ਅਤੇ ਤੀਰਥ ਯਾਤਰਾਵਾਂ ਵਿਚੋਂ ਕੁਝ ਪ੍ਰਾਪਤ ਕਰਨ ਦੀ ਆਸ ਰਖਦੇ ਯਾਤਰੀ ਵੀ ਕਾਇਆ ਆਸਰੇ ਹੀ ਕਿਸੇ ਪ੍ਰਾਪਤੀ ਦਾ ਸੁਪਨਾ ਸਾਕਾਰ ਕਰ ਸਕਦੇ ਹਨ।

ਪ੍ਰਚਲਿਤ ਪਰੰਪਰਾ ਅਨੁਸਾਰ ਹਰੀ ਦੀ ਪੂਜਾ ਲਈ ਧੂਪ,ਦੀਪ,ਭੋਜਨ,ਫੁੱਲ,ਪੱਤੇ ਆਦਿ ਵਸਤਾਂ ਸਮਰਪਨ ਕੀਤੀਆਂ ਜਾਂਦੀਆਂ ਰਹੀਆਂ ਹਨ। ਪੀਪਾ ਜੀ ਬਾਹਰਲੀਆਂ ਵਸਤਾਂ ਸਮਰਪਨ ਕਰਨ ਦੀ ਥਾਂ, ਆਪਣੀ ਪੂਰੀ ਹੋਂਦ, ਕਾਇਆ ਜਿਸ ਦਾ ਸਥੂਲ ਰੂਪ ਹੈ, ਪ੍ਰਭੂ ਅਰਪਨ ਕਰਨ ਅਤੇ ਉਸ ਦੀ ਰਜ਼ਾ ਵਿਚ ਰਹਿਣ ਨੂੰ ਹੀ ਅਸਲ ਪ੍ਰਾਰਥਨਾ ਮੰਨਦੇ ਹਨ। ਇਸ ਪ੍ਰਕਾਰ ਦੀ ਭਗਤੀ ਰਾਹੀਂ ਨੌ ਨਿੱਧੀਆਂ ਜਾਂ ਹਰ ਪ੍ਰਕਾਰ ਦੇ ਖਜ਼ਾਨੇ ਪ੍ਰਾਪਤ ਹੋਣੇ ਸੰਭਵ ਹਨ। ਲੋੜ ਕੇਵਲ ਕਾਇਆ ਵਿਚ ਲੁੱਕੇ ਇਨ੍ਹਾਂ ਖਜ਼ਾਨਿਆਂ ਦੀ ਖੋਜ ਕਰਨ ਦੀ ਹੈ। ਇਸੇ ਖੋਜ ਵਿੱਚੋ ਹੀ ਹਰ ਪ੍ਰਕਾਰ ਦੀ ਲੋੜ ਪੂਰੀ ਹੋ ਸਕਦੀ ਹੈ। ਹੋਰ ਕਿਧਰੋਂ ਵੀ ਕੁਝ ਲੈਣ ਦੇਣ ਜਾਂ ਕਿਧਰੇ ਆਉਣ ਜਾਣ ਦੀ ਲੋੜ ਨਹੀਂ ਜੇ ਆਪਣੀ ਸਮੁੱਚੀ ਹੋਂਦ ਨਾਲ ਹੀ ਰਾਮ ਦੀ ਦੁਹਾਈ ਦੇਣ, ਆਪ ਰਾਮ ਨਾਮ ਸਿਮਰਨ ਅਤੇ ਹੋਰਾਂ ਨੂੰ ਇਸ ਕਾਰਜ ਲਈ ਪ੍ਰੇਰਨ ਵਿਚ ਰੁੱਝ ਜਾਈਏ। ਜੋ ਕੁਝ ਵੀ ਬ੍ਰਹਮੰਡ ਵਿਚ ਕਿਧਰੇ ਵੀ ਮਿਲ ਸਕਦਾ ਹੈ ਉਹ ਪਿੰਡ ਜਾਂ ਆਪਣੀ ਹੀ ਹੋਂਦ ਵਿਚੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਇਸ ਮਹਾਨ ਪ੍ਰਾਪਤੀ ਲਈ ਮਾਰਗ ਦਰਸ਼ਨ ਵਾਸਤੇ ਸਮਰਥ ਸਤਿਗੁਰੂ ਦਾ ਆਸਰਾ ਜ਼ਰੂਰੀ ਹੈ। ਪੀਪਾ ਜੀ ਦੇ ਇਸ ਸ਼ਬਦ ਦਾ ਕੀਤਰਨ ਕਰਦੇ ਸਮੇ ਡਾ. ਜਾਗੀਰ ਸਿੰਘ ਨੇ ਰਹਾਉ ਦੀ ਤੁਕ "ਕਾਇਆ ਬਹੁਖੰਡ ਖੋਜਤੇ ਨਵ ਨਿਧ ਪਾਈ" ਨੂੰ ਸਥਾਈ ਬਣਾਇਆ ਹੈ ਅਤੇ ਸਹਿਜ ਹੋ ਕੇ ਕੀਰਤਨ ਕਰਦੇ ਸਮੇਂ ਸ਼ਬਦ ਦੇ ਭਾਵ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਹੈ। ਇਸ ਮੰਤਵ ਲਈ ਗੁਰਬਾਣੀ ਵਿਚੋਂ ਹੀ ਹੋਰ ਉਦਾਹਰਣ ਵੀ ਦਿੱਤੇ ਹਨ।

ਕੈਸਟ ਦੇ ਦੂਜੇ ਪਾਸੇ ਸੈਣ ਜੀ ਦੇ ਸ਼ਬਦ ਦਾ ਧਨਾਸਰੀ ਰਾਗ ਵਿਚ ਕੀਤਰਨ ਕਰਨ ਤੋ ਪਹਿਲਾਂ,ਭਾਈ ਗੁਰਦਾਸ ਦੀ ਪਉੜੀ "ਪ੍ਰਗਟ ਕਰੇ ਭਗਤ ਵਡਿਆਈ" ਦਾ ਗਾਇਣ ਕੀਤਾ ਹੈ। ਇਸ ਪਉੜੀ ਵਿਚ ਸੈਣ ਜੀ ਦੀ ਥਾਂ ਹਰੀ ਆਪ ਜਾ ਕੇ ਰਾਜੇ ਦੀ ਸੇਵਾ ਕਰ ਆਉਣ ਵਾਲੀ ਸਾਖੀ ਦਾ ਵਰਣਨ ਹੈ।

ਸੈਣ ਜੀ ਵੀ ਪੀਪਾ ਜੀ,ਧੰਨਾ ਜੀ,ਰਵਿਦਾਸ ਜੀ ਅਤੇ ਕਬੀਰ ਜੀ ਵਾਂਗ ਰਾਮਾਨੰਦ ਜੀ ਦੇ ਹੀ ਸਿੱਖ ਸਨ। ਆਪ ਜੀ ਦੀ ਧਨਾਸਰੀ ਰਾਗ ਵਿਚ ਰਚੀ ਆਰਤੀ ਦਾ ਮੂਲ ਵਿਚਾਰ ਵੀ ਪੂਰਨ ਸਮਰਪਣ ਪਿਛੋ ਪ੍ਰਾਪਤ ਹੋਣ ਵਾਲੇ ਸੁੱਖ ਜਾਂ ਮੰਗਲ ਸੰਬੰਧੀ ਹੀ ਹੈ, ਜੋ ਹਰੀ ਦੀ ਵਿਸ਼ਾਲ ਹੋਂਦ ਦਾ ਹੀ ਅੰਸ਼ ਹੋ ਜਾਣ ਉਪਰੰਤ ਸਦੀਵੀ ਰੂਪ ਵਿਚ ਪ੍ਰਾਪਤ ਹੋ ਜਾਣਾ ਯਕੀਨੀ ਹੈ। ਆਪ ਜਦੋ ਲੋਕਾਂ ਨੂੰ ਆਰਤੀ ਦੇ ਥਾਲ ਵਿਚ ਘਿਉ ਦੇ ਦੀਵੇ ਅਤੇ ਧੂਪ ਆਦਿ ਸਜਾਉਂਦੇ ਵੇਖਦੇ ਹਨ ਤਾਂ ਆਪਣੀ ਸਮੁੱਚੀ ਹੋਂਦ ਹਰੀ ਅੱਗੇ ਵਾਰ ਕੇ ਉਸ ਦੀ ਆਰਤੀ ਉਤਾਰਨ ਲਈ ਤਿਆਰ ਹੋ ਜਾਂਦੇ ਹਨ। ਇਸ ਪੂਰਨ ਸਮਰਪਣ ਵਿਚੋ ਸੈਣ ਜੀ ਨੂੰ ਸਦੀਵੀ ਸੁੱਖ ਦੀ ਪ੍ਰਾਪਤੀ ਦਾ ਭਰੋਸਾ ਹੈ ਕਿਉਂਕਿ ਇਸ ਤਰਾਂ ਉਹ ਰਾਮ ਦਾ ਹੀ ਅੰਗ ਹੋ ਨਿਬੜਨਗੇ ਅਤੇ ਰਾਮ ਕੋਲ ਤਾਂ ਹੈ ਹੀ ਸਦੀਵੀ ਮੰਗਲ।

ਅਜਿਹੇ ਹਰੀ ਨੂੰ ਭੇਟ ਕਰਨ ਲਈ ਸਭ ਤੋ ਸੁੱਚਾ ਦੀਵਾ ਅਤੇ ਨਿਰਮਲ ਬੱਤੀ ਦੀ ਲੋੜ ਹੈ। ਪਰ ਸਭ ਤੋ ਉਤੱਮ ਅਤੇ ਨਿਰਮਲ ਤਾਂ ਭਗਵਾਨ ਆਪ ਹੀ ਹਨ। ਸਾਡੀ ਹੋਂਦ ਵੀ ਸ਼ੁੱਧ ਰੂਪ ਵਿਚ ਉਸੇ ਦਾ ਹੀ ਅੰਗ ਹੈ। ਇਸ ਲਈ ਸਭ ਤੋ ਉੱਤਮ ਭੇਟ ਆਪਣਾ ਆਪਾ ਹੀ ਹੋ ਸਕਦੀ ਹੈ ਜਾਂ ਫਿਰ ਪਰਮਾਨੰਦ ਦੀ ਭਗਤੀ ਵੀ ਯੋਗ ਭੇਟ ਹੋ ਸਕਦੀ ਹੈ, ਸੋ ਅਰਦਾਸ ਹੈ ਕਿ ਪੂਰਨ ਪਰਮਾਨੰਦ ਦੇ ਗੁਣਾਂ ਦਾ ਬਖਾਣ ਕਰ ਸਕਣ ਦੀ ਸਮਰਥਾ ਪ੍ਰਾਪਤ ਹੋਵੇ ਜੋ ਉਸੇ ਨੂੰ ਸਰਬੋਤਮ ਭੇਟ ਦੇ ਰੂਪ ਵਿਚ ਅਰਪਨ ਕੀਤੀ ਜਾ ਸਕੇ।

ਡਾ. ਜਾਗੀਰ ਸਿੰਘ ਨੇ ਆਪਣੀ ਨਵੇਕਲੀ ਸ਼ੈਲੀ ਵਿਚ ਰਾਗ ਧਨਾਸਰੀ ਵਿਚ ਦੋਹਾਂ ਭਗਤਾਂ ਦੀ ਬਾਣੀ ਦਾ ਕੀਤਰਨ ਕਰਦਿਆਂ ਸ਼ਬਦਾਂ ਦੀ ਆਤਮਾਂ ਤੱਕ ਰਾਗ-ਨਾਦ ਦੀ ਆਰਤੀ ਭੇਟ ਕਰਨ ਦਾ ਜਤਨ ਕੀਤਾ ਹੈ। ਜਿਸ ਕਾਰਣ ਗੰਭੀਰ ਸ੍ਰੋਤੇ ਵੀ ਉਸੇ ਅਨੁਭਵ ਤੱਕ ਪਹੁੰਚਣ ਦਾ ਜਤਨ ਕਰ ਸਕਣਗੇ। ਇਹ ਆਸ ਕੀਤੀ ਜਾ ਸਕਦੀ ਹੈ।


**ਨਵੇ ਅਤੇ ਪੁਰਾਣੇ ਹਰਮੋਨੀਅਮ**

*ਖਰੀਦਣ, ਵੇਚਣ ਅਤੇ ਮੁਰੰਮਤ ਕਰਾਉਣ ਅਤੇ ਹੋਰ*

*ਸੰਗੀਤ ਸਾਜ਼ਾਂ ਲਈ ਦਰਸ਼ਨ ਦਿਓ।*

**ਬੇਦੀ ਹਾਊਸ 79, ਸੈਕਟਰ 20-ਏ, ਚੰਡੀਗੜ੍ਹ**

*ਫੋਨ : 673465 ਪੀ.ਪੀ.*

# ਤਬਲਾ ਸਿੱਖਿਆ

ਨਵੰਬਰ 1997 ਦੇ "ਅੰਮ੍ਰਿਤ ਕੀਰਤਨ" ਵਿੱਚ ਤਬਲੇ ਦੇ ਬੋਲਾਂ ਦਾ ਅਭਿਆਸ ਕਰਦਿਆਂ ਅਸੀਂ ਸੱਜੇ ਤਬਲੇ ਉੱਪਰ ਵੱਜਣ ਵਾਲੇ ਬੋਲ "ਤਾ" ਦਾ ਅਭਿਆਸ ਕਰਨ ਦਾ ਤਰੀਕਾ ਦੱਸ ਰਹੇ ਸਾਂ। ਜਿਵੇਂ ਕਿ ਆਪ ਨੂੰ ਪਤਾ ਹੈ ਸੱਜੇ ਤਬਲੇ ਉੱਪਰ ਤ, ਨ, ਤੀ, ਤਿਨ, ਤੂ, ਟ ਅਤੇ ੜ ਬੋਲ ਨਿਕਲਦੇ ਹਨ। ਇਸ ਲਈ ਇਹਨਾਂ ਸਾਰਿਆਂ ਦਾ ਹੀ ਅਭਿਆਸ ਕਰਨਾ ਚਾਹੀਦਾ ਹੈ। "ਤਾ" ਬੋਲ ਦਾ ਅਭਿਆਸ ਕਰਨ ਦਾ ਤਰੀਕਾ ਤੁਸੀ ਸਿੱਖ ਚੁੱਕੇ ਹੋ ਹੁਣ "ਤਾ" ਅਤੇ "ਤੀ" ਬੋਲਾਂ ਦਾ ਅਭਿਆਸ ਕਰਨ ਦਾ ਤਰੀਕਾ ਦੱਸਦੇ ਹਾ। "ਤੀ" ਬੋਲ ਵਜਾਉਣ ਲਈ ਸੱਜੇ ਹੱਥ ਦੀ ਪਹਿਲੀ ਉਂਗਲੀ ਨੂੰ ਪੱਟੀ ਅਤੇ ਸਿਆਹੀ ਦੇ ਵਿਚਕਾਰਲੇ ਸਫੈਦ ਹਿੱਸੇ ਉੱਤੇ ਮਾਰਨੀ ਹੈ। ਉਂਗਲੀ ਨਾਲ ਠੋਕਰ ਮਾਰਦਿਆਂ ਹੀ ਉਂਗਲੀ ਚੁੱਕ ਲੈਣੀ ਹੈ ਇਸ ਤਰ੍ਹਾਂ ਇਹ ਆਵਾਜ਼ ਕੁਝ ਦੇਰ ਤੱਕ ਆਉਂਦੀ ਰਹੇਗੀ। ਹੁਣ "ਤਾ" ਅਤੇ "ਤੀ" ਬੋਲ ਨੂੰ ਇਕਠਿਆਂ ਵਜਾਉਣ ਦਾ ਅਭਿਆਸ ਕਰਨਾ ਸ਼ੁਰੂ ਕਰੋ। ਇਸ ਅਭਿਆਸ ਨੂੰ ਤਿੰਨ ਮਾਤਰਾਂ ਵਿੱਚ ਕਰਦੇ ਹਾਂ। ਪਹਿਲਾਂ ਇਕ ਸਾਰ ਲੈ ਵਿੱਚ ਗਿਣੋ:-

| 1 | 2 | 3 | 1 | 2 | 3 |
|---|---|---|---|---|---|
| ਤਾ | ਤੀ | ਤਾ | ਤਾ | ਤੀ | ਤਾ |

| 1 | 2 | 3 | 1 | 2 | 3 |
|---|---|---|---|---|---|
| ਤਾ | ਤੀ | ਤਾ | ਤਾ | ਤੀ | ਤਾ |

ਫਿਰ ਇਹ ਬੋਲ ਬਦਲ -ਬਦਲ ਕੇ ਹੇਠ ਲਿਖੇ ਅਨੁਸਾਰ 5-5 ਮਿੰਟ ਵਜਾਉਣ ਦਾ ਅਭਿਆਸ ਕਰੋ।

| 1 | 2 | 3 | 1 | 2 | 3 |
|---|---|---|---|---|---|
| ਤਾ | ਤੀ | ਤੀ | ਤਾ | ਤੀ | ਤੀ |
| ਤੀ | ਤਾ | ਤੀ | ਤੀ | ਤਾ | ਤੀ |
| ਤੀ | ਤੀ | ਤਾ | ਤੀ | ਤੀ | ਤਾ |
| ਤੀ | ਤੀ | ਤੀ | ਤੀ | ਤੀ | ਤੀ |
| ਤਾ | ਤਾ | ਤਾ | ਤੀ | ਤੀ | ਤੀ |
| ਤੀ | ਤੀ | ਤੀ | ਤਾ | ਤਾ | ਤਾ |

ਤਬਲੇ ਦੇ ਇਹ ਬੋਲ ਵਜਾਉਣ ਦਾ ਅਭਿਆਸ ਕਰਦਿਆਂ ਕਿਸੇ ਤਬਲੇ ਦੇ ਜਾਣਕਾਰ ਕੋਲੋਂ ਤੱਸਲੀ ਕਰਵਾਈ ਜਾਣੀ ਚਾਹੀਦੀ ਹੈ ਕਿ ਬੋਲ ਠੀਕ ਵੱਜ ਰਹੇ ਹਨ। ਅੱਜ ਕੱਲ ਰੇਡੀਉ, ਟੀ.ਵੀ ਤੇ ਤਬਲੇ ਦੇ ਵਿਸ਼ੇਸ਼ ਪ੍ਰੋਗਰਾਮ ਆਉਂਦੇ ਹਨ ਉਹਨਾਂ ਨੂੰ ਸੁਣਨਾ ਚਾਹੀਦਾ ਹੈ।

**ਤਿੰਨ ਦਾ ਅਭਿਆਸ**

"ਤਾ ਅਤੇ ਤੀ" ਬੋਲਾਂ ਦੇ ਅਭਿਆਸ ਤੋਂ ਬਾਦ "ਤਿੰਨ" ਬੋਲ ਦਾ ਅਭਿਆਸ ਕਰਨਾ ਚਾਹੀਦਾ ਹੈ। ਜਿਵੇਂ ਕਿ ਤੁਸੀ ਪਹਿਲਾਂ ਪੜ੍ਹ ਚੁਕੇ ਹੋ "ਤਿੰਨ" ਬੋਲ ਕੱਢਣ ਲਈ ਸੱਜੇ ਹੱਥ ਦੀ ਤੀਜੀ ਅਤੇ ਚੌਥੀ ਉਂਗਲੀ ਥੋੜ੍ਹੀ ਜਿਹੀ ਸਿਆਹੀ ਵੱਲ ਨੂੰ ਵਧੀ ਹੋਈ। ਤੀਜੀ ਉਂਗਲੀ ਸਫੇਦ ਹਿੱਸੇ, ਜਿਸ ਨੂੰ ਕੋਰ ਕਹਿੰਦੇ ਹਨ ਉਪੱਰ ਟਿਕੀ ਰਹੇ। ਦੂਸਰੀ ਉਂਗਲੀ ਉਪੱਰ ਨੂੰ ਉੱਠੀ ਹੋਈ। ਫਿਰ ਪਹਿਲੀ ਉਂਗਲੀ ਨਾਲ ਸਿਆਹੀ ਉੱਤੇ ਠੋਕਰ ਮਾਰਨੀ ਚਾਹੀਦੀ ਹੈ, ਇਹ ਠੋਕਰ ਇਸ ਤਰ੍ਹਾਂ ਮਾਰਨੀ ਹੈ ਕਿ ਹਥੇਲੀ ਦਾ ਅਗਲਾ ਹਿੱਸਾ, ਜਿੱਥੋਂ ਉਂਗਲਾਂ ਸ਼ੁਰੂ ਹੁੰਦੀਆਂ ਹਨ, ਤਬਲੇ ਦੇ ਗਜਰੇ ਨਾਲ ਛੂਹ ਜਾਵੇ। ਪਹਿਲੀ ਉਂਗਲੀ ਜੇ ਸਿਆਹੀ ਉਤੇ ਟਿਕੀ ਰਹੇ ਤਾਂ ਇਹ ਆਵਾਜ਼ ਨਹੀਂ ਨਿਕਲੇਗੀ। ਇਸ ਬੋਲ ਦਾ ਅਭਿਆਸ ਕਰਨ ਲਈ ਹੁਣ ਚਾਰ ਚਾਰ ਮਾਤਰਾਂ ਦੇ ਭਾਗ ਬਣਾ ਕੇ ਅਭਿਆਸ ਕਰੋ। ਪਹਿਲਾਂ 5 ਮਿੰਟ ਕੇਵਲ ਤਿੰਨ ਦਾ ਅਭਿਆਸ :

1 2 3 4    1 2 3 4    1 2 3 4    1 2 3 4

ਤਿੰਨ ਤਿਨ ਤਿੰਨ ਤਿਨ    ਤਿੰਨ ਤਿਨ ਤਿੰਨ ਤਿਨ    ਤੰਨ ਤਿਨ ਤਿੰਨ ਤਿਨ    ਤਿੰਨ ਤਿਨ ਤਿੰਨ ਤਿਨ

ਅੰਤ ਵਿੱਚ ਤਾ "ਤੀ" "ਤਿੰਨ" ਬੋਲਾਂ ਦਾ ਅਭਿਆਸ ਇਕੱਠਾ ਕਰਨਾ ਚਾਹੀਦਾ ਹੈ।

1 2 3 4    1 2 3 4    1 2 3 4    1 2 3 4

ਤਾ ਤੀ ਤਿਨ ਤਾ    ਤਾ ਤੀ ਤਿਨ ਤਾ    ਤਾ ਤੀ ਤਿਨ ਤਾ    ਤਾ ਤੀ ਤਿਨ ਤਾ

ਸ਼ਰਧਾ,ਲਗਨ ਅਤੇ ਉਤਸ਼ਾਹ ਨਾਲ ਮੁਸਕਰਾਉਂਦੇ ਹੋਏ ਇਹ ਅਭਿਆਸ ਕਰੋ ਪ੍ਰਮਾਤਮਾ ਤੁਹਾਨੂੰ ਜ਼ਰੂਰ ਕਾਮਯਾਬੀ ਦੇਵੇਗਾ।

**ਜਰੂਰੀ ਬੇਨਤੀ**

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ ।*

*ਸੰਪਾਦਕ*

# ਪ੍ਰਸ਼ਨਾਵਲੀ -12

ਪ੍ਰਸ਼ਨ-1 ਗੁਰੂ ਤੇਗ ਬਹਾਦਰ ਜੀ ਨੇ ਕਿਹੜੇ-ਕਿਹੜੇ ਰਾਗਾਂ ਵਿੱਚ ਬਾਣੀ ਰਚੀ?

ਪ੍ਰਸ਼ਨ-2 ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਦਰਜ ਰਾਗ ਮਾਲਾ ਵਿੱਚ ਕੁੱਲ ਕਿੰਨੇ ਰਾਗ ਅੰਕਿਤ ਕੀਤੇ ਗਏ ਹਨ ?

ਪ੍ਰਸ਼ਨ-3 ਪੰਜਾਬ ਦੀ ਗਾਇਕੀ ਦੇ ਚਾਰ ਪ੍ਰਮੁਖ ਘਰਾਣੇ ਕਿਹੜੇ-ਕਿਹੜੇ ਹਨ ?

ਪ੍ਰਸ਼ਨ-4 ਰਾਗ ਦਰਬਾਰੀ ਕਾਨੜਾ ਦਾ ਥਾਟ, ਵਾਦੀ, ਸੰਵਾਦੀ, ਜਾਤੀ, ਸਮਾਂ, ਅਰੋਹ-ਅਵਰੋਹ ਤੇ ਪਕੜ ਲਿਖੋ ?

ਪ੍ਰਸ਼ਨ-5 ਰਾਗ ਭੈਰਵ ਦਾ ਥਾਟ, ਵਾਦੀ, ਸੰਵਾਦੀ, ਜਾਤੀ, ਸਮਾਂ, ਅਰੋਹ-ਅਵਰੋਹ ਤੇ ਪਕੜ ਲਿਖੋ ?

### *ਪ੍ਰਸ਼ਨਾਵਲੀ -11 ਦੇ ਠੀਕ ਉਤੱਰ*

ਪ੍ਰਸ਼ਨ-1 ਕਪੂਰਥਲਾ ਰਿਆਸਤ ਦੇ ਮੁੱਖ ਸੰਗੀਤਕਾਰ ਸਨ, ਸਾਂਈ ਇਲਹਾਸ, ਵਿਆਸ ਪੰਡਤ, ਕਰੀਮ ਬਖਸ਼, ਅਬਦੁਲ ਕਰੀਮ ਖਾਂ, ਵਲੀ ਮੁਹੰਮਦ,ਰਹਿਮਤ ਅਲੀ, ਭਾਈ ਜੋਗਾ ਸਿੰਘ, ਭਾਈ ਅਰਤੂ ਰਬਾਬੀ, ਭਾਈ ਅਲਾਦੀਆ ਆਦਿ।

ਪ੍ਰਸ਼ਨ-2 ਸਾਜ਼ ਕੀਰਤਨ ਸ਼ੈਲੀ ਨੂੰ ਮਿਠਾਸ ਅਤੇ ਰੌਣਕ ਭਰੀ ਮਿੱਠੀ ਧੁਨ ਦੇ ਕੇ ਗਾਉਣ ਵਾਲੇ ਦਾ ਸਹਾਰਾ ਹੁੰਦੇ ਹਨ ।

ਪ੍ਰਸ਼ਨ-3 ਗਉੜੀ ਰਾਗ ਦੇ ਪ੍ਰਕਾਰ:- ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਸੋਰਠਿ।

ਪ੍ਰਸ਼ਨ-4 ਸੱਜੇ ਅਤੇ ਖੱਬੇ ਤਬਲੇ ਨੂੰ ਮਿਲਾ ਕੇ ਵਜਾਉਣ ਨਾਲ ਬਣਦੇ ਬੋਲ :-
ਧਾ ਧੀ ਧਿੰ ਤਿਟਕਿਟ

ਪ੍ਰਸ਼ਨ-5 ਰੂਪਕ ਤਾਲ ਦੀ ਸੁਰ ਲਿਪੀ ਖਾਲੀ, ਤਾਲੀ ਮਾਤਰਾ ਤੇ ਵਿਭਾਗਾਂ ਸਹਿਤ :-

| 1 | 2 | 3 | 4 | 5 | 6 | 7 |
|---|---|---|---|---|---|---|
| ਤੀ | ਤੀ | ਨੀ | ਧੀ | ਨਾ | ਧੀ | ਨਾ |
| 0 | | | 2 | | 3 | |

*ਪ੍ਰਸ਼ਨਾਵਲੀ- 11 ਦੇ ਉੱਤਰ ਭੇਜਣ ਵਾਲੇ ਸਜੱਣ*

1 ਗੁਰਨਾਮ ਸਿੰਘ, ਵਿਦਿਆਰਥੀ, ਗੁਰੂ ਰਾਮਦਾਸ ਅਕੈਡਮੀ, ਬਾਈ ਪਾਸ ਮੋਗੀ ਨੰਦ, ਪਾਉਂਟਾ ਸਾਹਿਬ।


**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ'**
**ਤੋਹਫੇ ਵਜੋਂ ਭੇਟ ਕਰੋ !**

*ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ ।*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ ਚੰਡੀਗੜ ।*

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ ऽ | ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| **XO 123** | **X** ਸਮ, **O** ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਗੁਰਸਿੱਖ ਬੀਬੀ ਦਾ ਸਰੂਪ ਅਤੇ ਚਰਿੱਤਰ

ਡਾ ਮਿਸ ਮਨਵਿੰਦਰ ਕੌਰ
(ਐਮ.ਏ,ਪੀ.ਐਚ.ਡੀ-ਸੰਗੀਤ)

ਖਾਲਸੇ ਦੀ ਸਾਜ਼ਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤੀ। ਸਿੱਖ ਇਤਿਹਾਸ ਨੂੰ ਸਿਰਜਨ ਲਈ ਦਸਮੇਸ਼ ਪਿਤਾ ਜੀ ਵੱਲੋਂ ਕੀਤੀ ਗਈ ਇਹ ਅਦੁੱਤੀ ਕਰਾਮਾਤ ਅਤੇ ਅਲੌਕਿਕ ਚਮਤਕਾਰ ਹੈ। ਖਾਲਸੇ ਦੀ ਸਾਜਨਾ ਕਰਨ ਵੇਲੇ ਗੁਰੂ ਸਹਿਬ ਨੇ ਨਾ ਕੇਵਲ ਮਰਦਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਸਜਾਇਆ ਬਲਕਿ ਅੰਮ੍ਰਿਤਧਾਰੀ ਇਸਤਰੀਆਂ ਨੂੰ ਵੀ ਇਨ੍ਹਾਂ ਸਿੰਘਾਂ ਦੇ ਬਰਾਬਰ ਦਾ ਦਰਜਾ ਦਿੱਤਾ।ਜਦ ਗੁਰੂ ਸਾਹਿਬਾਂ ਦੀ ਬਖਸ਼ਿਸ਼ ਸਦਕਾ ਸਿੰਘਾਂ ਵਿੱਚ :

*" ਸਵਾ ਲਾਖ ਸੇ ਏਕ ਲੜਾਊਂ"*

ਦੀ ਸ਼ਕਤੀ ਪੈਦਾ ਹੋ ਗਈ ਤਾਂ ਸਿੰਘ ਬੀਬੀਆਂ ਵੀ ਇਸ ਵਡਮੁੱਲੀ ਸ਼ਕਤੀ ਨੂੰ ਪ੍ਰਾਪਤ ਕੱਰਨ ਤੋ ਪਿੱਛੇ ਨਹੀਂ ਰਹੀਆਂ ਸਿੱਖ ਇਤਿਹਾਸ ਵੀ ਅਜਿਹੀਆਂ (ਸਿੰਘਣੀਆਂ) ਸਿੱਖ ਬੀਬੀਆਂ ਦੀ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਜਿਨ੍ਹਾਂ ਦੇ ਜਿਵਨ ਅਤੇ ਬਹਾਦਰੀ ਦੇ ਕਾਰਨਾਮੇ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਹਨਾਂ ਵਿਚੋਂ ਸਭ ਤੋ ਪਹਿਲੀ ਉਦਾਹਰਣ, ਤਾਂ ਮਾਤਾ ਜੀਤੋ ਜੀ ਆਪ ਹੀ ਹਨ, ਜਿਨ੍ਹਾਂ ਨੇ ਆਪਣੇ ਚਾਰੇ ਲਾਲ ਕੌਮ ਤੋਂ ਵਾਰ ਕੇ ਵੀ ਉਫ ਨਹੀਂ ਸੀ ਕੀਤੀ। ਇਸ ਦੇ ਨਾਲ ਹੀ ਬੀਬੀ ਦਲੇਰ ਕੌਰ, ਬੀਬੀ ਸਤਵੰਤ ਕੌਰ, (ਮਾਈ) ਬੀਬੀ ਭਾਗੋ ਜੀ ਆਦਿ ਵਰਗੀਆਂ ਬਹੁਤ ਸਾਰੀਆਂ ਬੀਬੀਆਂ ਦੇ ਨਾਮ ਵੀ ਸਿੱਖ ਇਤਿਹਾਸ ਵਿੱਚ ਬਹਾਦਰਾਂ ਵਾਲੀ ਕਤਾਰ ਵਿੱਚ ਹਨ। ਭਾਵੇਂ ਉਹ ਬੀਬੀਆਂ ਮੁਸਲਮਾਨਾਂ ਦੇ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਰਹੀਆਂ, ਪਰ ਉਹਨਾਂ ਨੇ ਆਪਣਾ ਸਿੱਖੀ ਸਿਦਕ, ਭਰੋਸਾ ਅਤੇ ਇਸਤਰੀ ਧਰਮ ਨਹੀਂ ਹਾਰਿਆ। ਇਥੋਂ ਤੱਕ ਕਿ ਬੀਬੀ ਸਤਵੰਤ ਕੌਰ ਨੇ ਤਾਂ ਆਪਣੇ ਜੀਵਨ ਦੇ ਰਸਤੇ ਵਿੱਚ ਆਏ ਕਈ ਪਾਪੀ ਮੁਸਲਮਾਨਾਂ ਨੂੰ ਵੀ ਆਪਣੇ ਹੀ ਧਰਮ ਵੱਲ ਪ੍ਰੇਰਿਤ ਕੀਤਾ। ਕੁਝ ਅਜਿਹੀਆਂ ਸਿੱਖ ਬੀਬੀਆਂ ਵੀ ਇਸ ਮੈਦਾਨ ਵਿੱਚ ਨਿੱਤਰੀਆਂ ਹਨ ਜਿਨ੍ਹਾਂ ਨੇ ਸਵਾ-ਸਵਾ ਮਣ-ਪੀਸਣ ਪੀਸ ਕੇ, ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ, ਗਲਾਂ ਵਿੱਚ ਹਾਰ ਪੁਆਏ, ਪਰ ਮੁੱਖੋ ਸੀ ਨਹੀ ਕੀਤੀ। ਇਨ੍ਹਾਂ ਨੇ ਆਪਣਾ ਹੌਸਲਾ, ਹਿੰਮਤ ਅਤੇ ਦ੍ਰਿੜ ਵਿਸ਼ਵਾਸ਼ ਨੂੰ ਸਦਾ ਹੀ ਕਾਇਮ ਰੱਖਿਆ।

ਸਿੱਖ ਬੀਬੀ ਦੇ ਚਰਿੱਤਰ ਦੇ ਮੁੱਖ ਗੁਣ :-

1 ਗੁਰਸਿੱਖ ਬੀਬੀ ਹਮੇਸ਼ਾ ਉੱਦਮੀ ਹੁੰਦੀ ਹੈ।

2 ਉਹ ਹਰ ਰੋਜ਼ ਅਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰ ਕੇ, ਪੰਜਾਂ ਬਾਣੀਆਂ ਦਾ ਨਿੱਤਨੇਮ ਕਰਦੀ ਹੈ।

3 ਉਹ ਕਦੇ ਵੀ ਮੜ੍ਹੀ-ਮਸਾਣੀ, ਜਾਦੂ-ਟੂਣੇ ਅਤੇ ਵਰਤ, ਵਾਰ ਵਿੱਚ ਵਿਸ਼ਵਾਸ਼ ਨਹੀਂ ਰੱਖਦੀ।

4 ਉਹ ਵੈਰ-ਵਿਰੋਧ ਦੀਆਂ ਭਾਵਨਾਵਾਂ ਤੋ ਰਹਿਤ ਹੁੰਦੀ ਹੈ।

5 ਉਹ ਨਾਂ ਜ਼ੁਲਮ ਕਰਦੀ ਹੈ ਅਤੇ ਨਾ ਹੀ ਜ਼ੁਲਮ ਸਹਿੰਦੀ ਹੈ।

6 ਗੁਰਸਿੱਖ ਬੀਬੀ ਹਮਸ਼ੇਾ ਸਾਦੇ ਬਾਣੇ ਵਿੱਚ ਰਹਿੰਦੀ ਹੈ, ਵਿਹਲੇ ਫੈਸ਼ਨਾਂ ਵੱਲ ਨਹੀਂ ਭੱਜਦੀ।

7 ਉਹ ਚੁਗਲੀ-ਨਿੰਦਾ ਨਾ ਕਦੇ ਕਰਦੀ ਹੈ, ਤੇ ਨਾ ਹੀ ਸੁਣਦੀ ਹੈ।

8 ਉਹ ਆਪਣੇ ਸੱਸ-ਸੁਹਰੇ ਅਤੇ ਵੱਡਿਆਂ ਦਾ ਆਦਰ-ਸਤਿਕਾਰ ਤਨੋ ਮਨੋ ਹੋ ਕੇ ਕਰਦੀ ਹੈ।

9 ਉਹ ਆਪਣੇ ਪਤੀ ਤੋ ਬਿਨਾਂ ਕਦੇ ਵੀ ਕਿਸੇ ਪਰ-ਪੁਰਖ ਦਾ ਧਿਆਨ ਨਹੀਂ ਕਰਦੀ ਸਗੋਂ ਦੂਸਰੇ ਪੁਰਖਾਂ ਨੂੰ ਹਮੇਸ਼ਾਂ ਭਰਾ, ਪਿਤਾ ਅਤੇ ਪੁੱਤਰ ਦੀ ਨਿਗਾਹ ਨਾਲ ਹੀ ਵੇਖਦੀ ਹੈ।

10 ਉਹ ਭਰਵੱਟੇ ਕੱਟਣਾ ਆਦਿ ਕਿਸੇ ਵੀ ਰੂਪ ਵਿੱਚ ਕੇਸਾਂ ਦੀ ਬੇਅਦਬੀ ਨਹੀਂ ਕਰਦੀ।

11 ਉਹ ਪੰਜੇ ਕਕਾਰ ਜਿਵੇਂ ਕੰਘਾ, ਕੜਾ, ਕਛਹਿਰਾ, ਕਿਰਪਾਨ ਤੇ ਕੇਸ ਹਮੇਸ਼ਾ ਆਪਣੇ ਅੰਗਸੰਗ ਹੀ ਰੱਖਦੀ ਹੈ।

12 ਗੁਰਸਿੱਖ ਬੀਬੀ ਸਦਾ ਹੀ ਪ੍ਰਮਾਤਮਾ ਤੇ ਭਰੋਸਾ ਰੱਖਦੀ ਹੈ। ਕਿਸੇ ਤਰ੍ਹਾਂ ਦਾ ਦੁੱਖ ਜਾਂ ਔਕੜ ਆਉਣ ਤੇ ਹੌਸਲਾ ਨਹੀਂ ਹਾਰਦੀ, ਸਗੋਂ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ ਹੈ।

13 ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸਤਿਗੁਰੂ ਦੀ ਰਜ਼ਾ ਵਿੱਚ ਰਹਿ ਕੇ ਸਿਮਰਨ ਭਜਨ ਕਰਨਾ ਹੀ ਉਸ ਦੇ ਚਰਿੱਤਰ ਦੇ ਮੁੱਖ ਗੁਣ ਹਨ।

14 ਗੁਰਸਿੱਖ ਬੀਬੀ ਘਰ ਆਏ ਹਰ ਇਕ ਜੀਵ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਖਿੜੇ ਮੱਥੇ ਆਦਰ-ਸਤਿਕਾਰ ਕਰਦੀ ਅਤੇ ਸਮਰਥਾਂ ਅਨੁਸਾਰ ਚਾਹ-ਪਾਣੀ, ਲੰਗਰ ਆਦਿ ਛਕਾ

ਕੇ ਭੇਜਦੀ ਹੈ।

15 ਗੁਰਸਿੱਖ ਬੀਬੀ ਭਾਵੇਂ ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਪਰ ਪੰਜਾਂ ਬਾਣੀਆਂ ਦਾ ਪਾਠ ਕਰਨਾ ਜਾ ਸੁਣਨਾ ਜ਼ਰੂਰੀ ਸਮਝਦੀ ਹੈ।

16 ਸੱਚੀ ਗੁਰਸਿੱਖ ਇਸਤਰੀ ਨਾ ਆਪਣੀਆਂ ਨੂੰਹਾਂ ਤੇ ਜ਼ੁਲਮ ਕਰਦੀ ਹੈ ਅਤੇ ਨਾ ਹੀ ਉਹ ਆਪਣੇ ਸਹੁਰਿਆਂ ਦਾ ਕੋਈ ਜ਼ੁਲਮ ਸਹਾਰਦੀ ਹੈ।

17 ਇਕ ਗੁਰਸਿੱਖ ਬੱਚੀ ਨੂੰ ਹਮੇਸ਼ਾ ਗੁਰਸਿੱਖ ਪਿਰਵਾਰ ਨਾਲ ਹੀ ਨਾਤਾ ਜੋੜਨ ਦਾ ਹੱਕ ਹੈ, ਅਜਿਹਾ ਗੁਰੂ ਸਾਹਿਬ ਦਾ ਆਦੇਸ਼ ਹੈ।

18 ਗੁਰਸਿੱਖ ਬੀਬੀ ਆਪਣੇ ਫੁਰਸਤ ਦਾ ਸਮਾਂ ਅਜਾਈ ਨਹੀ ਗੁਆਉਂਦੀ, ਸਗੋਂ ਇਸ ਕੀਮਤੀ ਸਮੇਂ ਦੌਰਾਨ ਹੀ ਆਪਣੇ ਬੱਚਿਆ ਨੂੰ ਸਿੱਖ-ਇਤਿਹਾਸ, ਸਿੱਖ ਧਰਮ ਅਤੇ ਵਿਰਸੇ ਤੋਂ ਜਾਣੂ ਕਰਵਾਉਂਦੀ ਹੈ ਤੇ ਨਾਲ ਹੀ ਕੇਸਾਂ ਦੀ ਮਹੱਤਤਾ ਬਾਰੇ ਵੀ ਦੱਸਦੀ ਹੈ।

19 ਗੁਰਸਿੱਖ ਬੀਬੀ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਕਿਸੇ ਵੀ ਤਰ੍ਹਾਂ ਦੇ ਹੁੰਦੇ ਅਨਿਆ, ਜ਼ੁਲਮ ਦੇ ਵਿਰੁੱਧ ਬੋਲਣ ਦਾ ਹੌਸਲਾ ਰੱਖਦੀ ਹੈ।

20 ਉਹ ਕਦੇ ਵੀ ਕਾਇਰਤਾ ਨਹੀਂ ਵਿਖਾਉਂਦੀ ਅਤੇ ਨਾ ਹੀ ਕਾਇਰਾਂ ਵਾਲਾ ਜੀਵਨ ਬਸਰ ਕਰਦੀ ਹੈ।

21 ਉਹ ਆਪਣੇ ਪਤੀ ਨਾਲ ਹਮੇਸ਼ਾਂ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਦਾ ਹੱਕ ਰੱਖਦੀ ਹੈ।

22 ਨਿੱਤ ਗੁਰਦੁਆਰੇ ਜਾਣਾ, ਗੁਰਬਾਣੀ ਸੁਣਨਾ, ਗੁਰੂ ਦੇ ਦੱਸੇ ਮਾਰਗ ਤੇ ਚੱਲਣਾ ਗੁਰੂਘਰ ਵਿੱਚ ਝਾੜੂ ਬਰਤਨਾਂ ਆਦਿ ਦੀ ਸੇਵਾ ਕਰਨੀ,ਆਦਿ ਗੁਰਸਿੱਖ ਬੀਬੀ ਦਾ ਨਿੱਤ ਦਾ ਕਰਮ ਹੈ।

23 ਪਤੀ ਦੀ ਆਗਿਆ ਵਿੱਚ ਰਹਿਣਾ, ਆਪਣੇ ਸੱਸ ਸਹੁਰੇ ਦੀ ਤਨੋ-ਮਨੋ ਸੇਵਾ ਕਰਨਾ ਆਦਿ ਉਸ ਦੇ ਜੀਵਨ ਦੇ ਮੁੱਖ ਗੁਣ ਹਨ।

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਇਕ ਗੁਰਸਿੱਖ ਬੀਬੀ ਆਪਣੇ ਜੀਵਨ ਵਿੱਚ ਆਈ ਹਰ ਔਕੜ ਨੂੰ ਹੌਸਲੇ, ਹਿੰਮਤ ਤੇ ਦ੍ਰਿੜ ਵਿਸ਼ਵਾਸ਼ ਨਾਲ ਖਿੜੇ-ਮੱਥੇ ਪ੍ਰਵਾਨ ਕਰਕੇ, ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਮਿਲੇ ਸਿੱਖੀ, ਸਿਦਕ ਤੇ ਭਰੋਸੇ ਵਾਲੇ ਖਾਲਸਾ ਜੀਵਨ ਵਿੱਚ ਵਿਚਰਦੀ ਹੋਈ ਸਹਿਜੇ ਹੀ ਜੀਵਨ-ਮੁਕਤ ਹੋ ਜਾਂਦੀ ਹੈ ਤੇ ਸਿੱਖ ਇਤਿਹਾਸ ਦੇ ਹਰ ਪੰਨੇ ਤੇ ਇਸ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੋਇਆ ਮਿਲਦਾ ਹੈ।

# ਗੁਰਮੁਖ ਢੂਢ ਢੂਢੇਦਿਆਂ

**BOX 001**

SUITABLE GURSIKH SLIM BEAUTIFUL MATCH FOR AMRITDHARI KHATRI AERONAUTICAL ENGINEER (33) HEIGHT 5' 10" Contact Box 002 AMRIT KIRTAN TRUST (Regd) 422, SECTOR 15 A- CHANDIGARH.

**BOX 002**

SUITABLE GURSIKH SLIM BEAUTIFUL MATCH FOR KHATRI SIKH NON-TRIMMER, NON-DRINKER, HANDSOME DOCTOR (DHMS, Pb) RUNNING OWN HOMEO CLINIC, AT MOHALI, (25) Height 5'8" FATHER RETIRED M.D. Co-op. BANK. CONTACT. BOX OO2 AMRIT KIRTAN TRUST (Regd), 422, SECTOR 15 A, CHANDIGARH.

**BOX 003**

SUITABLE GURSIKH, NON-TRIMMER, NON-DRINKER, HANDSOME WELL SETTLED GRADUATE MATCH FOR A SLIM, KHATRI, RADIO ARTIST, M.A.(MUSIC)-VOCAL, B.Ed, GIRL HEIGHT 5'3" CONTACT BOX 003, AMRIT KIRTAN TRUST (Regd), 422, SECTOR 15 A, CHANDIGARH.

**BOX 004**

SUITABLE GURSIKH NON-TRIMMER, NON-DRINKER, HANDSOME SERVING WELL SETTLED GRADUATE FOR A SLIM BATRA MIDDLE-CLASS, BSc, (NURSING) GIRL, SERVING PGI, (23.5) HEIGHT 5'3" CONTACT BOX 004 AMRIT KIRTAN TRUST (Regd), 422, SECTOR-15 A, CHANDIGARH.

# ਰਾਗੁ ਸੋਰਠਿ

ਪ੍ਰੋ : ਤਾਰਾ ਸਿੰਘ

## ਸੋਰਠਿ ਪਾਤਿਸਾਹੀ ੧੦ ॥

ਪ੍ਰਭ ਜੂ ਤੋ ਕਹਿ ਲਾਜ ਹਮਾਰੀ॥
ਨੀਲਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ॥ ੧॥ਰਹਾਉ॥
ਪਰਮ ਪੁਰਖ ਪਰਮੇਸ਼੍ਵਰ ਸੁਆਮੀ ਪਾਵਨ ਪਉਨ ਅਹਾਰੀ॥
ਮਾਧਵ ਮਹਾ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ॥ ੧॥
ਨਿਰਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ॥
ਕ੍ਰਿਪਾ ਸਿੰਧ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨਕਾਰੀ॥੨॥
ਧਨੁਰਪਾਨ ਧ੍ਰਿਤਮਾਨ ਧਰਾਧਰ ਅਨਿ ਬਿਕਾਰ ਅਸਿਧਾਰੀ॥
ਹੌ ਮਤਿ ਮੰਦ ਚਰਨ ਸ਼ਰਨਾਗਤਿ ਕਰ ਗਹਿ ਲੇਹੁ ਉਬਾਰੀ॥੩ ॥੪ ॥

(ਦਸਮ ਗ੍ਰੰਥ, ਪੰਨਾ ੭੧੦)

ਅਰੋਹ - ਸ ਰ ਮ ਪ ਨੀ ਸਂ।
ਅਵਰੋਹ - ਸਂ ਰਂ ਨ਼ੀ ਧ, ਮ ਪ ਧ ਮ ਗ ਰ ਨ਼ੀ ਸ।
ਜਾਤੀ - ਔਡਵ-ਸੰਪੂਰਣ, ਆਰੋਹ ਵਿਚ "ਗ" ਤੇ "ਧ" ਵਰਜਿਤ।
ਥਾਟ - ਖਮਾਜ, ਦੋਵੇਂ ਨੀਸਾਦ
ਸੁਰ ਵਿਸਥਾਰ - ਨੀ ਸ ਰ, ਸ, ਨ਼ੀ ਧ, ਪ, ਨੀ ਸ, ਮ ਰ, ਮ ਪ ਧ ਮ ਰ, ਨ਼ੀ ਰ ਸ ਸ ਰ ਮ ਰ, ਮ ਪ ਨੀ ਸਂ, ਰਂ ਸਂ, ਨ਼ੀ ਧ ਪ ਧ ਮ, ਰ, ਪ ਮ ਰ ਸ।

ਸਮਾਂ - ਰਾਤ ਦਾ ਦੂਸਰਾ ਪਹਿਰ
ਵਾਦੀ - ਰ
ਸੰਵਾਦ - ਧ
ਮੁਖ ਅੰਗ - ਸ ਰ, ਮ ਪ, ਨ਼ੀ ਧ, ਪ, ਧ ਮ ਰ, ਰ ਸ।

### ਰਾਗ ਸੋਰਠਿ ਤਿੰਨ ਤਾਲ

ਸਥਾਈ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | ਮ | ਰੇ | ਮ | ਪ | ਮਪ | ਨੀਸਾਂ | - | ਪਧ | ਮ | -ਗ | ਰੇਨੀ | ਸ |
| | | | | ਪ੍ਰ | ਭ | ਜੂ | s | ਤੋs | ss | s | ਕਹ | ਲਾ | ss | ਜs | ਹ |
| ਗਰੇ | ਮਗ | ਰ | - | ਰੇ | - | ਮ | ਮ | ਪ | ਪ | ਪ | ਪ | ਮਰੇ | ਪਮ | ਧਪ | ਨ਼ੀ |
| ਮਾs | ss | ਰੀ | s | ਨੀ | s | ਲ | ਕੰ | s | ਠ | ਨ | ਰ | ਹs | ਰਿs | ਨਾs | s |
| ਨ਼ੀਧ | ਪਧ | ਪ | ਪ | ਮ | ਰੇ | ਮ | ਪ | ਨੀ | ਨੀ | ਸਾਂ | ਸਾਂ | ਮਪ | ਨੀਸਾਂ | ਰੇ | ਨੀਸਾਂ |
| ਰਾs | ss | ਇ | ਣ | ਨੀ | s | ਲ | ਬ | ਸ | ਨ | ਬ | ਨ | ਵਾs | ss | s | ss |
| ਰੇਂ | ਨ਼ੀਧ | ਪਮ | ਗਰੇ | | | | | | | | | | | | |
| s | ਰੀs | ss | ss | | | | | | | | | | | | |
| | | | ਅੰਤਰਾ : | ਮ | ਮ | ਮ | ਮ | ਪ | ਪਂ | ਨੀ | ਨੀ | ਸਾਂ | - | ਸਾਂ | ਸਾਂ |
| | | | | ਪ | ਰ | ਮ | ਪੁ | ਰ | ਖ | ਪ | ਰ | ਮੇ | s | ਸ਼੍ਵ | ਰ |
| ਸਾਂਰੇ | ਨੀ | ਸਾਂ | - | ਮਪ | ਨੀਸ | ਰੇਂ | ਮਂ | ਗਂ | ਰੇਂ | ਨੀ | ਸਾਂ | ਨੀ | ਸਾਂ | ਨੀ | ਰੇਂ |
| ਸੁਆ | s | ਮੀ | s | ਪਾs | ss | ਵ | ਨ | ਪਉ | s | ਨ | ਅ | ਹਾ | s | ss | s |
| ਨ਼ੀ | ਨ਼ੀ | ਧ | ਪ | ਨੀ | ਸਾਂ | ਨੀਸਾਂ | ਰੇਂ | ਨ਼ੀ | ਨ਼ੀ | ਧ | ਪ | ਮ | ਗਰੇ | ਰੇ | ਮ |
| ਰੀ | s | s | s | ਮਾ | s | ਧs | ਵ | ਮ | ਹਾ | s | ਜੋ | s | ਤਿs | ਮ | ਧੁ |
| ਰੇਮ | ਪਨ਼ੀ | ਧ | ਪ | ਮ | ਪ | ਨੀ | ਨੀ | ਸਾਂ | ਨੀ | ਸਾਂ | ਸਾਂ | ਪਨੀ | ਸਾਰੇਂ | ਨੀਸਾਂ | ਰੇਂ |
| ਮs | ਰs | ਦ | ਨ | ਮਾ | s | ਨ | ਮੁ | ਕਂ | s | ਦ | ਮੁ | ਰਾs | ss | ss | s |
| ਨ਼ੀਧ | ਪਧ | ਮਗ | ਰੇ | | | | | | | | | | | | |
| ਰੀs | ss | ss | s | | | | | | | | | | | | |

# ਰਾਗੁ ਰਾਮਕਲੀ

ਹਰਿਭਜਨ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਰਾਮ ਕਲੀ ਪਾਤਿਸ਼ਾਹੀ ੧੦ ॥

ਰੇ ਮਨ ਐਸੋ ਕਰਿ ਸੰਨਿਆਸਾ ॥ ਬਨ ਸੇ ਸਦਨ ਸਭੈ ਕਰਿ ਸਮਝਹੁ,
ਮਨ ਹੀ ਮਾਹਿ ਉਦਾਸਾ ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ॥
ਗਯਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਲਗਾਓ ॥੧॥

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥੨॥

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾ ਵੈ॥
ਤਬ ਹੀ ਆਤਮਤਤ ਕੋ ਦਰਸੇ ਪਰਮ ਪੁਰਖ ਕੱਹ ਪਾਵੈ॥੨॥੧॥
(ਦਸਮ ਗ੍ਰੰਥ – ਪੰਨਾ ੭੦੯)

ਰਾਗ ਰਾਮਕਲੀ ॥ ਥਾਟ : ਭੈਰਵ ॥ ਜਾਤੀ: ਛਾਡਵ ਸੰਪੂਰਣ॥
ਆਰੋਹ : ਸ ਗ ਮ ਪ ਧੁ ਨ ਸਂ ॥
ਅਵਰੋਹ : ਸਂ ਨ ਧੁ ਪ, ਮੇ ਪ ਧੁ ਨੁ ਧੁ ਪ, ਗ ਮ ਰੁ ਸ ॥

ਵਾਦੀ : ਧੁ ॥ ਸੰਬਦੀ ਰੁ॥ ਸਮਾਂ : ਦਿਨ ਦਾ ਪਹਿਲਾ ਪਹਿਰ॥
ਮੁਖ ਅੰਗ: ਧੁ ਪ, ਮੇ ਪ, ਧੁ ਨੁ ਧੁ ਪ, ਗ ਮ ਰੁ ਸ ॥

## ਤਾਲ ਰੂਪਕ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਧੁ | ਧੁ | ਪਮੇ | ਪ | ਪ | ਪ | ਪ | ਗ | ਗ | ਗਮ | ਰੁ | ਰੁ | ਸ | ਸ |
| ਰੇ | ਮ | ਨS | ਐ | S | ਸੋ | S | ਕ | ਰਿ | ਸਨਿ | ਆ | S | ਸਾ | S |
| ਮ | ਮ | ਮੇ | ਪ | ਪ | ਮ | ਪ | ਧੁ | ਧੁ | ਪਮ | ਪ | ਪ | ਪ | ਪ |
| ਐ | S | ਸੋ | ਕ | ਰਿ | ਸ | ਨਿ | ਆ | S | SS | ਸਾ | S | S | S |
| ਸਂ | ਰੁਂ | ਸਂਨ | ਸਂ | ਸਂ | ਸਂ | ਸਂ | ਪ | ਪ | ਧੁਨੁ | ਧੁ | – | ਪ | – |
| ਬ | ਨ | ਸੇS | ਸ | ਦ | ਨ | Sਸ | ਭੈ | ਕ | ਰਿS | ਸ | ਮ | ਝ | ਹੁ |
| ਮ | ਮ | ਮੇ | ਪ | ਪ | ਮ | ਪੇ | ਧੁ | ਧੁ | ਪਮੇ | ਪ | – | ਪ | – |
| ਮ | ਨ | ਹੀ | ਮਾ | S | ਹਿ | ਉ | ਦਾ | S | SS | ਸਾ | S | S | S |
| ਮ | ਮ | ਮ | ਧੁ | ਧੁ | ਮ | ਧੁ | ਸਂ | ਸਂ | ਸਂ | ਰੁਂ | ਰੁਂ | ਸਂ | ਸਂ |
| ਜ਼ | ਤ | ਕੀ | ਜ | ਟਾ | S | ਜੋ | S | ਗ | ਕੋ | ਮੱ | S | ਜ | ਨੁ |
| ਰੁਂ | ਰੁਂ | ਸਂ | ਰੁਂ | ਰੁਂ | ਰੁਂ | ਰੁਂ | ਸਂ | ਨ | ਸਂ | ਧੁ | ਧੁ | ਪ | ਪ |
| ਨੇ | ਮ | ਕੇ | ਨ | ਖ | ਨ | ਬ | ਢਾ | S | S | ਓ | S | S | S |
| ਸਂ | ਰੁਂ | ਸਂਨ | ਸਂ | ਸਂ | ਸਂ | ਸਂ | ਪ | ਪ | ਧੁਨੁ | ਧੁ | – | ਪ | – |
| ਗਯਾ | ਨ | ਗੁS | ਰੂ | S | ਆ | S | ਤਮ | ਉ | ਪੇS | ਦੇ | S | ਸ | ਹੁ |
| ਮੇ | ਮ | ਮੇ | ਪ | ਪ | ਮ | ਪ | ਧੁ | ਧੁ | ਪਮੇ | ਪ | – | ਪ | – |
| ਨਾ | ਮ | ਬਿ | ਭੂ | S | ਤ | ਲ | ਗਾ | S | SS | ਓ | S | S | S |

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ

ਗੁਰਦੁਆਰਾ ਸਾਹਿਬ,
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

ਉਜਲ ਸਿੰਘ ਮਦਾਨ,
1470, ਸੈਕਟਰ 43-ਬੀ, ਚੰਡੀਗੜ੍ਹ

ਬੀਬੀ ਬਸੰਤ ਕੌਰ ਲਾਂਬਾ,
3116 ਸੈਕਟਰ 19-ਡੀ, ਚੰਡੀਗੜ੍ਹ

ਗੁਰਦੁਆਰਾ ਸਾਚਾ ਧੰਨ,
ਫੇਜ਼-3-ਬੀ-1, ਮੋਹਾਲੀ

ਗਿ: ਕਸ਼ਮੀਰ ਸਿੰਘ,
1612, ਫੇਜ਼-7, ਮੋਹਾਲੀ

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ,
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਕਲਾ, ਲੁਧਿਆਣਾ

ਸੰਗੀਤ ਭਾਰਤੀ,
99 ਬੀ, ਸ਼ਾਸਤਰੀ ਨਗਰ, ਲੁਧਿਆਣਾ

ਸਿੱਖ ਮਿਸ਼ਨਰੀ ਗੁਰਮਤਿ ਸੰਗੀਤ ਵਿਦਿਆਲਾ
ਐਚ-1 ਲੇਬਰ ਕਾਲੋਨੀ
ਜਮਾਲਪੁਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਤਰਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜ਼ਿਕ ਕਾਲਜ,
20, ( ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276-ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ,ਜੀ, 578, ਸੂਰਜ ਗੰਜ, ਜਲੰਧਰ
ਭਾਈ ਵੀਰ ਸਿੰਘ ਹਾਲ,
ਲਾਰੈਂ ਰੋਡ, ਅੰਮ੍ਰਿਤਸਰ

ਸ, ਬੂਟਾ ਸਿੰਘ ਹੰਸਪਾਲ
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ
232 ਈਸਟ ਮੋਹਨ ਨਗਰ, ਅੰਮ੍ਰਿਤਸਰ

ਸਚਦੇਵਾ ਸੰਗੀਤ ਅਕੈਡਮੀ,
ਗੁਰਦੁਆਰਾ ਰੋਡ ਮਲੋਟ

ਮਸਤਾਨਾ ਮਿਉਜਿਕ ਅਕੈਡਮੀ,
ਮਲੋਟ

ਗੁਰਦੁਆਰਾ ਦਸ਼ਮੇਸ਼ਗੜ੍ਹ
ਵੀਰੋਵਾਲ, ਜ਼ਿਲਾ : ਨਵਾਂ ਸਹਿਰ

ਗੁਰਮਿਤ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇਸੰਗੀਤ ਵਿੱਦਿਆਲਾ
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ
ਫਗਵਾੜਾ

ਜੀ, ਐਸ, ਸਰਦਾਰ,
1,98 ਰਾਜਿੰਦਰ ਨਗਰ, ਨਵੀ ਦਿੱਲੀ

ਗੁਰਮਿਤ ਵਿੱਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ

ਗੁਰਬਾਣੀ ਸੰਗੀਤ ਅਕੈਡਮੀ ,
69-2 ਪਡਾਪੁਕਾਰ ਰੋਡ, ਕੱਲਕਤਾ

ਸ,ਸ, ਕਰੀਰ
2-ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ।

# ਮਹੀਨਾ ਜਨਵਰੀ/ ਮਾਘ

***ਮਾਘਿ*** ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ । ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ਕਾਮ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥ ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥12॥

## ਗੁਰਪੁਰਬ

| | |
|---|---|
| ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 5 |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਨਵਾਂ ਸਾਲ ਸ਼ੁਰੂ | 1 |
| ਰੋਜ਼ੇ ਸ਼ੁਰੂ | 1 |
| ਬਰਸੀ ਲਾਲ ਬਹਾਦੁਰ ਸ਼ਾਸ਼ਤਰੀ ਜੀ | 11 |
| ਲੋਹੜੀ | 13 |
| ਮੇਲਾ ਮਾਘੀ ਮੁਕਤਸਰ, ਮੇਲਾ ਘੁਮਾਣ | 14 |
| ਬ.ਭਾ. ਜਗਤਾ ਸਾਹਿਬ ਜੀ ਗੁਨਿਆਣਾ ਮੰਡੀ | 15 |
| ਜੋਤੀ ਜੋਤ ਭਗਤ ਨਾਮਦੇਵ ਜੀ | 15 |
| ਨਾਮਧਾਰੀ ਸ਼ਹੀਦੀ ਮੇਲਾ ਮਲੇਰ ਕੋਟਲਾ | 17-18 |
| ਸ਼ਹਾਦਤ-ਏ-ਸ੍ਰੀ ਹਜ਼ਰਤ ਅਲੀ ਜੀ | 21 |
| ਬਰਸੀ ਸੰਤ ਅਤਰ ਸਿੰਘ ਜੀ ਗੁਰੂ ਸਾਹਿਬ | 22 |
| ਜਨਮ ਨੇਤਾ ਜੀ ਸੁਭਾਸ਼ ਚੰਦ੍ਰ ਬੋਸ | 23 |
| ਜੁਮਾਤੁਲਵਿਦਾ | 23 |
| ਰੀਪਬਲਿਕ ਡੇ | 26 |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | 27 |
| ਜਨਮ ਲਾਲਾ ਲਾਜਪਤ ਰਾਏ ਜੀ | 28 |
| ਜ. ਸ੍ਰੀ ਬਾਵਾ ਲਾਲ ਦਿਆਲ ਜੀ ਧਿਆਨਪੁਰ | 29 |
| ਸ਼ਹੀਦੀ ਮਹਾਤਮਾ ਗਾਂਧੀ ਜੀ | 30 |
| ਈਦੁਲ ਫਿਤਰ (ਈਦੂ) | 30 |

| | |
|---|---|
| ਸੰਮਤ ਬਿਕ੍ਰਮੀ | 2054 |
| ਸੰਮਤ ਨਾਨਕਸ਼ਾਹੀ | 529 |
| ਸੰਮਤ ਖਾਲਸਾ | 299 |
| ਸੰਮਤ ਸ਼ਾਕਾ | 1919 |

**ਜਨਵਰੀ - 98**

**JANUARY 1998**

| | |
|---|---|
| ਸੰਗਰਾਂਦ | 14 ਜਨਵਰੀ |
| ਪੂਰਨਮਾਸ਼ੀ | 12 ਜਨਵਰੀ |
| ਮਸਿਆ | 28 ਜਨਵਰੀ |
| ਪੰਚਮੀ | 3 ਜਨਵਰੀ |

| | | | | | |
|---|---|---|---|---|---|
| ਐਤ SUN | ✦ | 4<br>21 ਪੋਹ<br>ਪੋਹ ਸੁਦੀ 6 | 11<br>28 ਪੋਹ<br>ਪੋਹ ਸੁਦੀ 14 | 18<br>5 ਮਾਘ<br>ਮਾਘ ਵਦੀ 6 | 25<br>12 ਮਾਘ<br>ਮਾਘ ਵਦੀ 12 |
| ਸੋਮ MON | ✦ | 5<br>22 ਪੋਹ<br>ਪੋਹ ਸੁਦੀ 7-8 | 12<br>29 ਪੋਹ<br>ਪੋਹ ਸੁਦੀ ਪੂਰਨ | 19<br>6 ਮਾਘ<br>ਮਾਘ ਵਦੀ 6 | 26<br>13 ਮਾਘ<br>ਮਾਘ ਵਦੀ 13 |
| ਮੰਗਲ TUE | ✦ | 6<br>23 ਪੋਹ<br>ਪੋਹ ਸੁਦੀ 9 | 13<br>30 ਪੋਹ<br>ਮਾਘ ਵਦੀ 1 | 20<br>7 ਮਾਘ<br>ਮਾਘ ਵਦੀ 7 | 27<br>14 ਮਾਘ<br>ਮਾਘ ਵਦੀ 14 |
| ਬੁੱਧ WED | ✦ | 7<br>24 ਪੋਹ<br>ਪੋਹ ਸੁਦੀ 10 | 14<br>1 ਮਾਘ<br>ਮਾਘ ਵਦੀ 2 | 21<br>8 ਮਾਘ<br>ਮਾਘ ਵਦੀ 8 | 28<br>15 ਮਾਘ<br>ਮਾ.ਵ.ਮੱਸਿਆ |
| ਵੀਰ THU | 1<br>18 ਪੋਹ<br>ਪੋਹ ਸੁਦੀ 3 | 8<br>25 ਪੋਹ<br>ਪੋਹ ਸੁਦੀ 11 | 15<br>2 ਮਾਘ<br>ਮਾਘ ਵਦੀ 3 | 22<br>9 ਮਾਘ<br>ਮਾਘ ਵਦੀ 9 | 29<br>16 ਮਾਘ<br>ਮਾਘ ਸੁਦੀ 1-2 |
| ਸ਼ੁੱਕਰ FRI | 2<br>19 ਪੋਹ<br>ਪੋਹ ਸੁਦੀ 4 | 9<br>26 ਪੋਹ<br>ਪੋਹ ਸੁਦੀ 12 | 16<br>3 ਮਾਘ<br>ਮਾਘ ਵਦੀ 4 | 23<br>10 ਮਾਘ<br>ਮਾਘ ਵਦੀ 10 | 30<br>17 ਮਾਘ<br>ਮਾਘ ਸੁਦੀ 3 |
| ਸ਼ਨੀ SAT | 3<br>20 ਪੋਹ<br>ਪੋਹ ਸੁਦੀ 5 | 10<br>27 ਪੋਹ<br>ਪੋਹ ਸੁਦੀ 13 | 17<br>4 ਮਾਘ<br>ਮਾਘ ਵਦੀ 5 | 24<br>11 ਮਾਘ<br>ਮਾਘ ਵਦੀ 11 | 31<br>18 ਮਾਘ<br>ਮਾਘ ਸੁਦੀ 4 |

**ਅਰਥ** : ਮਾਘ ਵਿਚ (ਮਾਘੀ ਵਾਲੇ ਦਿਨ) ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਕਰਮ ਸਮਝਦੇ ਹਨ, ਪਰ ਤੂੰ (ਹੇ ਭਾਈ !) ਗੁਰਮੁਖਾਂ ਦੀ ਸੰਗਤਿ ਵਿਚ (ਬੈਠ, ਇਹੀ ਹੈ ਤੀਰਥਾਂ ਦਾ ਇਸ਼ਨਾਨ), ਉਹਨਾਂ ਦੀ ਚਰਨਧੂੜ ਵਿਚ ਇਸ਼ਨਾਨ ਕਰ (ਨਿਮਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ)

***ਪਰਮਾਤਮਾ ਦਾ ਨਾਮ ਜਪ,*** ਪਰਮਾਤਮਾ ਦੀ ਸਿਫਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਵਿਚੋਂ ਅਹੰਕਾਰ ਦੂਰ ਹੋ ਜਾਇਗਾ।(ਸਿਮਰਨ ਦੀ ਬਰਕਤਿ ਨਾਲ) ਕਾਮ ਵਿਚ ਕ੍ਰੋਧ ਵਿਚ ਨਹੀਂ ਫਸੀਦਾ, ਲੋਭ, ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) ਇਸ ਸੱਚੇ ਰਸਤੇ ਉਤੇ ਤੁਰਿਆਂ ਜਗਤ ਵੀ ਸੋਭਾ ਕਰਦਾ ਹੈ। ਅਠਾਹਠ ਤੀਰਥਾਂ ਦਾ ਇਸ਼ਨਾਨ ਸਾਰੇ ਪੁੰਨ ਕਰਮ, ਜੀਵਾਂ ਉਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੋਈ ਹੈ ਵਿਚੋਂ ਪ੍ਰਾਪਤ ਹੋ ਜਾਂਦਾ ਹੈ । (ਇਹ ਸਭ ਕੁਝ ਸਿਮਰਨ ਦੇ ਵਿਚ ਹੀ ਆ ਜਾਂਦੇ ਹਨ)।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ।

ਹੇ ਨਾਨਕ !(ਆਖ-) ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ। ਮਾਘ ਮਹੀਨੇ ਵਿਚ ਸਿਰਫ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ ਜਿਨ੍ਹਾਂ ਉਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ)। ੧੨ ।

***ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ ।***

## T SERIES ਸਿਰੀਜ਼ ਪੇਸ਼ ਕਰਦੇ ਹਨ



**ਡਾ. ਜਾਗੀਰ ਸਿੰਘ** ਚੰਡੀਗੜ੍ਹ ਵਾਲਿਆਂ

**ਦੀ**

**ਆਵਾਜ਼ ਵਿੱਚ**

**ਸ਼ਬਦ ਗੁਰਬਾਣੀ ਦੀ ਕੈਸੱਟ**

# ਸਭ ਬਿਧਿ ਤੁਮ ਹੀ ਜਾਨਤੇ

**ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ।**

*sohal specials*
Page : 9610 - 8677

Regd. NO. PB/CH-155
RNI Regd. No. 46788/89

**BOOK POST**
(Printed Matter)

To

*If undelivered please return to :*

AMRIT KIRTAN TRUST (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 1 ਸਾਲ ਦਸਵਾਂ ਜਨਵਰੀ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫਾ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।